# ਤੀਜੀ ਵਿਸ਼ਵ ਪੰਜਾਬੀ ਕਾਨਫ਼ਰੰਸ ਵਿਚ ਜੁੜੀ ਸੰਗਤ ਨਾਲ ਕੁੱਝ ਖਰੀਆਂ ਗੱਲਾਂ

## ਪ੍ਰੋ. ਪ੍ਰੀਤਮ ਸਿੰਘ

15-2-07

ਮੈਂ ਸ਼ੁਕਰਗੁਜ਼ਾਰ ਹਾਂ ਅੱਜ ਦੀ ਕਾਨਫ਼ਰੰਸ ਦੇ ਪ੍ਰਬੰਧਕਾਂ ਦਾ ਕਿ ਉਨ੍ਹਾਂ ਨੇ ਮੈਨੂੰ ਦੇਸ – ਬਦੇਸ ਤੋਂ ਇਕੱਠੇ ਹੋਏ ਪੰਜਾਬੀ–ਪਿਆਰਿਆਂ ਨਾਲ ਆਪਣੇ ਕੁੱਝ ਵਿਚਾਰ ਸਾਂਝੇ ਕਰਨ ਦਾ ਖੁੱਲ੍ਹਾ ਮੌਕਾ ਬਖ਼ਸ਼ਿਆ ਹੈ। ਅੱਜ ਵਰਗੀ ਵਿਚਾਰਵਾਨ ਸੰਗਤ ਨਿੱਤ–ਨਿੱਤ ਨਹੀਂ ਜੁੜ ਬੈਠਦੀ, ਇਸ ਲਈ ਮੈਂ ਨਹੀਂ ਚਾਹੁੰਦਾ ਕਿ ਆਪ ਦਾ ਤੇ ਆਪਣਾ ਕੀਮਤੀ ਸਮਾਂ ਪੰਜਾਬੀ ਮਾਂ ਦੇ ਸ਼ਾਨਦਾਰ ਭਵਿੱਖ ਬਾਰੇ ਇਕ ਦੂਜੇ ਨੂੰ ਜਜ਼ਬਾਤੀ ਤਿਫ਼ਲ–ਤਸੱਲੀਆਂ ਦੇ ਦੇ ਕੇ ਬਿਤਾ ਦਿਆਂ ਤੇ ਗੰਭੀਰ ਮਸਲਿਆਂ ਦੇ ਰੂ–ਬ–ਰੂ ਹੋਣ ਨੂੰ ਕਿਸੇ ਅਗਲੀ ਕਾਨਫ਼ਰੰਸ ਤਕ ਟਾਲ ਦਿਆਂ। ਜੋ ਮਸਲੇ ਪੰਜਾਬੀ–ਹਿਤੈਸ਼ੀਆਂ ਦਾ ਗੰਭੀਰ ਧਿਆਨ ਝਟ–ਪਟ ਮੰਗਦੇ ਨੇ, ਮੈਂ ਚਾਹੁੰਦਾ ਹਾਂ ਕਿ ਅੱਜ ਦੇ ਮੇਲੇ ਨੂੰ ਆਪਣੀ ਮਾਂ–ਬੋਲੀ ਦੇ ਭਲੇ ਤੇ ਉਸ ਦੀ ਸੁਰੱਖਿਆ ਲਈ ਨਿਸਚਿਤ ਪ੍ਰੋਗਰਾਮ ਲੱਭਣ ਵਾਲੀ ਜਤਨਸ਼ਾਲਾ ਵਿਚ ਬਦਲ ਦਿਆਂ ਤਾਂ ਜੋ ਆਪੋ–ਆਪਣੇ ਘਰਾਂ ਵਿਚ ਪਹੁੰਚ ਜਾਣ ਤੋਂ ਪਿੱਛੋਂ ਵੀ ਖੜੇ ਕੀਤੇ ਗਏ ਮਸਲੇ ਵਿਦਵਾਨਾਂ ਦਿਆਂ ਮਨਾਂ ਵਿਚ ਹੱਲ ਲੱਭਣ ਲਈ ਲਗਾਤਾਰ ਰੜਕਦੇ ਰਹਿਣ।

× × × × ×

ਸਾਡੀ ਪੰਜਾਬੀ ਜ਼ਬਾਨ ਆਪਣੀਆਂ ਤਿੰਨ ਵਡਿਆਈਆਂ ਕਰਕੇ ਵਿਲੱਖਣ ਹੈ :

ਪਹਿਲੀ ਇਹ ਕਿ ਪੌਣੇ ਅੱਠ ਹਜ਼ਾਰ ਭਾਸ਼ਾਵਾਂ ਦੇ ਦਰਬਾਰ ਵਿਚ ਇਸ ਨੂੰ ਤੇਰ੍ਹਵੀਂ ਕੁਰਸੀ ਉੱਤੇ ਬਿਠਾਇਆ ਜਾਂਦਾ ਹੈ।

ਇਸ ਦੀ ਦੂਜੀ ਵਡਿਆਈ ਇਸ ਦੇ ਫੈਲਾਉ ਦੀ ਹੈ। ਸੁਲੇਮਾਨ ਪਰਬਤ ਤੋਂ ਲੈ ਕੇ ਜਮਨਾ ਦੇ ਤਟ ਤਕ ਦੋ ਮੁਲਕਾਂ ਵਿਚ ਵੰਡੀ ਜਾਣ ਦੇ ਬਾਵਜੂਦ, ਜਿੰਨੀ ਭੋਇੰ ਬਣਦੀ ਹੈ, ਉਹ ਕਰੀਬ ਕਰੀਬ ਸਾਰੀ ਇਸ ਦੀ ਜਗੀਰ ਹੈ! ਦੁਨੀਆ ਵਿਚ ਕਿੰਨੀਆਂ ਕੁ ਹੋਰ ਬੋਲੀਆਂ ਨੇ, ਏਡੀ ਵੱਡੀ ਜਗੀਰ ਦੀਆਂ ਮਾਲਕ ?

ਤੀਜੀ ਵਿਸ਼ੇਸ਼ਤਾ ਇਸ ਦੀ ਲੰਮੀ ਉਮਰ ਦੀ ਹੈ। ਅੱਦਹਮਾਨ ਤੋਂ ਨਹੀਂ ਤਾਂ ਬਾਬਾ ਫ਼ਰੀਦ ਤੋਂ ਲੈ ਲਓ, ਕਿੰਨੀਆਂ ਕੁ ਬੋਲੀਆਂ ਨੇ ਏਨੀਆਂ ਸਦੀਆਂ ਪੁਰਾਣੀਆਂ ? ਅੰਗਰੇਜ਼ੀ ਦੇ ਕਵੀ ਚਾਸਰ ( 1340 ? Pritam- 1400 ) ਨੂੰ ਅੰਗਰੇਜ਼ੀ ਦਾ ਪਹਿਲਾ ਸ਼ਾਇਰ ਮੰਨ ਲਈਏ ਤਾਂ ਉਹ ਬਾਬਾ ਫ਼ਰੀਦ ਜੀ (1178 - 1271) ਦੇ ਪੜ–ਪੋਤਰਿਆਂ ਦੇ ਹਾਣ ਦਾ ਬਣਦਾ ਹੈ!

ਬੁਲਾਰਿਆਂ ਦੀ ਬਹੁਗਿਣਤੀ, ਇਸ ਦੇ ਬੁਲਾਰਿਆਂ ਦੀ ਲੰਮੀ–ਚੌੜੀ ਜਗੀਰ ਤੇ ਇਸ ਦੀ ਲੰਮੀ ਉਮਰ ਵਾਲੇ ਤਿੰਨ ਲੱਛਣ ਗਿਣਾ ਕੇ ਅਸੀਂ ਆਪਣੀ ਮਾਂ ਦੀ ਨਨਤਕਾਰੀ ਕਰਦਿਆਂ ਥੱਕਦੇ ਨਹੀਂ। ਉਸ ਦੀਆਂ ਇਨ੍ਹਾਂ ਵਡਿਆਈਆਂ ਦੀਆਂ ਕਲਗੀਆਂ ਆਪਣਿਆਂ ਸਿਰਾਂ ਉੱਤੇ ਸਜਾ ਕੇ ਅਸੀਂ ਦੁਨੀਆ ਦੇ ਸਾਹਿੱਤਿਕ ਪਿੜਾਂ ਵਿਚ ਫ਼ਖ਼ਰੀਆ ਅੰਦਾਜ਼ ਨਾਲ ਪਹੁੰਚਦੇ ਹਾਂ। ਪਰ ਮੈਂ ਅੱਜ ਮਾਂ ਦੀਆਂ ਇਨ੍ਹਾਂ ਤੇ ਇਨ੍ਹਾਂ ਵਰਗੀਆਂ ਹੋਰ ਬਥੇਰੀਆਂ ਵਡਿਆਈਆਂ ਦੇ ਗੁਣ ਗਾ ਗਾ ਕੇ ਚਿੱਥੇ ਨੂੰ ਦੁਬਾਰਾ, ਤਿਬਾਰਾ ਚਿੱਥਣ ਨੂੰ ਤਿਆਰ ਨਹੀਂ। ਜਿਸ ਦੁਖਿਆਰੀ ਦੀ ਵਿਥਿਆ ਅਸੀਂ ਕਦੀ ਸੁਣੀ ਹੀ ਨਹੀਂ, ਮੈਂ ਅੱਜ ਉਸ ਦੀ ਪੁਕਾਰ ਤੁਹਾਡੇ ਤਕ ਪਹੁੰਚਾਉਣੀ ਹੈ। ਉਸ ਦੀ ਆਪਣੀ ਜ਼ਬਾਨੀ ਹੀ ਸੁਣ ਲਓ, ਉਸ ਦੀ ਲੰਮੀ ਦਰਦੀਲੀ ਵਿਥਿਆ,

"ਮੇਰੇ ਜੀਉਣ ਜੋਗੇ ਬੱਚਿਓ ! ਜ਼ਰਾ ਧਿਆਨ ਨਾਲ ਸੁਣਿਓ ਮੇਰੀਆਂ ਝੱਲ–ਵੱਲਲੀਆਂ। ਵਿਚ ਵਿਚ ਜੇ ਮੈਂ ਭੁੱਲਾਂ ਕਰ ਜਾਵਾਂ ਤਾਂ ਮਾਫ਼ ਕਰ ਦੇਣਾ।

''ਮੈਂ ਜਦੋਂ ਏਸ ਧਰਤੀ ਉੱਤੇ ਅੱਖਾਂ ਖੋਲ੍ਹੀਆਂ, ਓਦੋਂ ਅਸੀਂ ਗ਼ੁਲਾਮ ਬਣ ਚੁੱਕੇ ਸਾਂ । ਮਾਲਕਾਂ ਨੇ ਆਪਣੇ ਧਰਮ ਦੀ ਬੋਲੀ ਅਰਬੀ ਰੱਖੀ ਪਰ ਹੌਲੀ ਹੌਲੀ ਰਾਜ–ਭਾਗ ਦਾ ਸਾਰਾ ਕੰਮ ਸਾਂਭਦੀ ਗਈ । ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੇ ਮਾਧਿਅਮ ਵਾਲੀ ਥਾਂ ਵੀ ਫ਼ਾਰਸੀ ਨੇ ਮੱਲ ਲਈ । ਮੇਰੇ ਮਜ਼ੂਰ, ਕਿਰਸਾਣ ਤੇ ਹਟਵਾਣੀਏ ਬੱਚੇ, ਘਰਾਂ, ਗਲੀਆਂ–ਮਹਲਿਆਂ, ਬਜ਼ਾਰਾਂ ਤੇ ਮੰਡੀਆਂ ਜਾਂ ਖੇਤਾਂ ਵਿਚ ਮੇਰੀ ਵਰਤੋਂ ਕਰਦੇ ਰਹੇ । ਮੇਰੇ ਲਾਲ ਹਲ ਵਾਹੁੰਦੇ, ਹੱਡ–ਭੰਨਵੀਂ ਮਿਹਨਤ ਕਰਦੇ, ਦੁਪਹਿਰ ਬਾਰਾਂ ਟੈਣੀ ਵਰਗੀਆਂ ਖੇਡਾਂ ਖੇਡ ਕੇ ਲੰਘਾਉਂਦੇ, ਪਤੰਗਾਂ ਉਡਾਉਂਦੇ ਤੇ ਖਿੱਦੋ–ਖੂੰਡੀ ਖੇਡਦੇ ; ਮੇਲਿਆਂ–ਮੁਸਾਹਿਬਆਂ ਵਿਚ ਜਾਂਦੇ ; ਰਿਸ਼ਤੇਦਾਰੀਆਂ ਪੁਗਾਉਂਦੇ ਤੇ ਦਾਰੂ–ਸਿੱਕਾ ਛਕ–ਛਕਾ ਕੇ ਬਾਘੀਆਂ ਪਾਉਂਦੇ ਤੇ ਖ਼ੁਸ਼ ਰਹਿੰਦੇ । ਜਿੰਨੇ ਕੁ ਲਫ਼ਜ਼ਾਂ ਦੀ ਇਨ੍ਹਾਂ ਕੰਮਾਂ ਲਈ ਲੋੜ ਪੈਂਦੀ ਸੀ, ਮੈਂ ਪੂਰਦੀ ਰਹੀ । ਕੀਰਤਨਾਂ, ਗੀਤਾਂ, ਬਾਤਾਂ, ਚੁਟਕਲਿਆਂ ਤੇ ਬੁਝਾਰਤਾਂ ਨਾਲ ਮੈਂ ਸਭ ਦਾ ਜੀ ਲਾਈ ਰੱਖਿਆ । ਮੁਹਾਵਰਿਆਂ ਤੇ ਅਖਾਣਾਂ ਨਾਲ ਉਨ੍ਹਾਂ ਦੀ ਝੋਲੀ ਭਰ ਦਿੱਤੀ, ਪਰ ਨਾ ਫ਼ੌਜ, ਨਾ ਨਿਆਂ, ਨਾ ਹਕੂਮਤ, ਨਾ ਕਿਸੇ ਵੀ ਵਿਸ਼ੇਸ਼ ਪੇਸ਼ੇ ਦੇ ਤਕਨੀਕੀ ਲਫ਼ਜ਼ਾਂ ਦੀ ਵਰਤੋਂ ਦੀ ਕੋਈ ਸੇਵਾ ਮੈਨੂੰ ਬਖ਼ਸ਼ੀ ਗਈ ਤੇ ਨਾ ਮੈਂ ਉਹ ਲਫ਼ਜ਼ ਸਿੱਖ ਸਕੀ । ਸੋ ਮੈਂ ਖ਼ਾਸ ਤਰ੍ਹਾਂ ਦੀ ਸ਼ਬਦਾਵਲੀ ਦੇ ਗਿਆਨ ਤੋਂ ਸੱਖਣੀ ਰਹੀ । ਮੇਰੇ ਸੁਲੱਖਣੇ ਪੁੱਤਰਾਂ ਨੇ ਖ਼ੁਸ਼ੀ ਖ਼ੁਸ਼ੀ ਫ਼ਾਰਸੀ ਸਿੱਖ ਲਈ ਤੇ ਸਰਕਾਰੇ–ਦਰਬਾਰੇ ਜਾਂ ਸਕੂਲਾਂ ਵਿਚ ਮੈਨੂੰ ਥਾਂ ਦਿਵਾਉਣ ਬਾਰੇ ਹੰਭਲਾ ਤਾਂ ਕੀ ਮਾਰਨਾ ਸੀ, ਇਸ ਪਾਸੇ ਬਾਰੇ ਕਦੀ ਸੋਚਿਆ ਵੀ ਨਹੀਂ ਸੀ ।

''ਮੇਰੀ ਅਜੀਬ ਹਾਲਤ ਸੀ — ਧਰਤੀ ਮੇਰੀ, ਏਸ ਉੱਤੇ ਵੱਸਣ ਵਾਲਾ ਜੀਆ–ਜੰਤ ਮੇਰਾ, ਪਰ ਮੈਨੂੰ ਨਾ ਮਹਿਲਾਂ ਦੇ, ਨਾ ਦਰਬਾਰਾਂ ਦੇ ਅਤੇ ਨਾ ਹੀ ਸਕੂਲਾਂ ਦੇ ਨੇੜੇ ਜਾਣ ਦਿੱਤਾ ਜਾਂਦਾ । ਮੇਰੇ ਪਾਸੋਂ ਤਾਂ ਝਾੜੂ–ਪੋਚੇ, ਝਾੜ–ਪੂੰਝ ਤੇ ਡੰਗਰਾਂ ਨੂੰ ਪੱਠੇ ਪਾਉਣ ਵਾਲੀ ਦਾਸੀ ਦਾ ਤੇ ਜਾਂ ਫੇਰ ਖ਼ੁਸ਼ੀ–ਗ਼ਮੀ ਦੇ ਗੀਤ ਗਾਉਣ ਵਾਲੀ ਨਾਇਣ ਦਾ ਕੰਮ ਹੀ ਲਿਆ ਜਾਂਦਾ ਰਿਹਾ । ਮੈਂ ਕੰਮ ਤੋਂ ਕਦੀ ਨਹੀਂ ਭੱਜੀ । ਕੰਮ ਕੋਈ ਵੀ ਮਾੜਾ ਨਹੀਂ ਹੁੰਦਾ ਪਰ ਹਿਰਖ ਤਾਂ ਏਸ ਗੱਲ ਦਾ ਰਿਹਾ ਕਿ ਜਦ ਮੇਰੇ ਲਾਡਲੇ ਆਪ ਸਰਕਾਰੇ–ਦਰਬਾਰੇ ਜਾਣ ਲੱਗ ਪਏ ਸਨ ਤਾਂ ਮੈਨੂੰ ਆਪਣੇ ਨਾਲ ਕਿਉਂ ਨਾ ਲੈ ਗਏ ? ਉਹ ਆਪ ਤਾਂ ਨਿਗੁਣੀਆਂ ਨੌਕਰੀਆਂ ਉੱਤੇ ਲੱਗ ਕੇ ਸੰਤੁਸ਼ਟ ਹੋ ਗਏ ਪਰ ਮੇਰੀ ਬਾਂਹ ਕਿਸੇ ਨੇ ਨਾ ਫੜੀ । ਪੁੱਤਰ ਗੁਲਛੱਰੇ ਉਡਾਉਂਦੇ ਰਹੇ ਤੇ ਮਾਂ ਲਿੱਦ ਢੋਂਦੀ ਰਹੀ । ਹੋਣ ਮੇਰੇ ਧੀਆਂ–ਪੁੱਤਰ ਤੇ ਉਨ੍ਹਾਂ ਨੂੰ ਆਪਣੀ ਤੇ ਮੇਰੀ ਹਾਲਤ ਵਿਚਲੀ ਵਿੱਥ ਕਦੀ ਵੀ ਨਾ ਰੜਕੇ, ਮੈਂ ਆਪਣੇ ਨਸੀਬਾਂ ਨੂੰ ਨਾ ਪੁਣਾਂ ਤਾਂ ਕੀ ਕਰਾਂ ?

''ਮੈਂ ਉਡੀਕਦੀ ਰਹੀ ਕਿ ਜਦ ਵੀ ਮੇਰੀ ਸੁੱਖਾਂ–ਲੱਧੀ ਔਲਾਦ ਰਾਜ ਪਲਟਾਏਗੀ, ਉਹ ਆਪਣੀ ਮਾਂ ਦੀ ਦੁਰਦਸ਼ਾ ਵਿਚ ਸੁਧਾਰ ਲਿਆਵੇਗੀ ਪਰ ਮੇਰੇ ਪੁੱਤਰ ਤਾਂ ਮੈਨੂੰ ਮੇਰੇ ਹਾਲ ਉੱਤੇ ਛੱਡ ਕੇ ਏਨੇ ਘੂਕ ਸੌਂ ਗਏ ਕਿ ਜਦੋਂ ਗੁਰੂ ਨਾਨਕ ਦੇਵ ਨੇ ਖੱਲੇ ਮਾਰ ਮਾਰ ਕੇ ਜਗਾਉਣ ਦੀ ਕੋਸ਼ਿਸ਼ ਕੀਤੀ : ਓਏ ਬੇਸ਼ਰਮੋ ! ''ਮਲੇਛ ਭਾਖਿਆ ਗਹੀ'' ਜਾਂ ''ਬੋਲੀ ਅਵਰ ਤੁਮਾਰੀ''— ਤੁਸੀਂ ਆਪਣੇ ਖ਼ਜ਼ਾਨੇ ਨੂੰ, ਕਿਉਂ ਨਹੀਂ ਸੰਭਾਲਦੇ, ਤਾਂ ਵੀ ਉਹ ਨਾ ਹਿੱਲੇ । ਰਾਜ ਤਾਂ ਕਈ ਬਦਲੇ, ਅਰਬ ਆਏ, ਤੁਰਕ ਆਏ, ਅਫ਼ਗਾਨ ਆਏ, ਮੁਗ਼ਲ ਆਏ, ਈਰਾਨੀ ਆਏ, ਸਿੱਖ ਆਏ, ਅੰਗਰੇਜ਼ ਆਏ, ਪਰ ਮੇਰੇ ਪੁੱਤਰਾਂ ਵਿਚ ਹਰ ਨਵੇਂ ਜਰਵਾਣੇ ਦੀ ਜੀ– ਹਜ਼ੂਰੀ ਕਰਨ ਤੇ ਗ਼ੈਰ–ਬੋਲੀਆਂ ਬੋਲ ਕੇ ਸੁਖ ਦੀ ਨੀਂਦਰ ਸੌਣ ਦਾ ਵੱਲ ਸਿੱਖ ਗਏ ਸਨ, ਸੋ ਮੇਰੇ ਜੀਉਂਦੇ–ਜੀਅ ਕਦੀ ਕਿਸੇ ਨੇ ਮੈਨੂੰ ਆਪਣੀ ਅਣਖ ਨਾਲ ਜੋੜਨ ਦਾ ਜਤਨ ਨਾ ਕੀਤਾ । ਮੇਰੇ ਪਿਆਰੇ ਪੁੱਤਰੋ ! ਤੁਹਾਡੇ ਬਜ਼ੁਰਗਾਂ ਦੀ ਸ਼ਾਨ ਵਿਚ ਕੋਈ ਕੌੜਾ ਲਫ਼ਜ਼ ਬੋਲਿਆ ਗਿਆ ਹੋਵੇ ਤਾਂ ਮੈਨੂੰ ਬੁੱਢੜੀ ਨੂੰ ਬਖ਼ਸ਼ ਦੇਣਾ ।

''1947 ਵਿਚ ਆਜ਼ਾਦੀ ਦਾ ਸੂਰਜ ਚੜ੍ਹਿਆ ਤਾਂ ਮੈਨੂੰ ਵੀ ਬੜਾ ਚਾਅ ਚੜ੍ਹਿਆ ਕਿ ਸੈਂਕੜੇ ਵਰ੍ਹਿਆਂ ਦੀ ਗ਼ੁਲਾਮੀ ਦੇ ਪਿੱਛੋਂ ਰਾਜ ਮੇਰੇ ਆਪਣੇ ਅਜ਼ਾਦ ਬੱਚਿਆਂ ਦੇ ਹੱਥ ਵਿਚ ਆਇਆ ਹੈ, ਹੁਣ ਤਾਂ ਮੇਰੇ ਭਾਗ ਜਾਗਣਗੇ ਹੀ । ਪਰ ਕਿਸਮਤ ਦੀ ਮਾਰੀ ਏਸ ਦੁਖਿਆਰੀ ਨਾਲ ਜੋ ਸਲੂਕ ਮੇਰੇ ਸੱਕੇ ਪੁੱਤਰਾਂ–ਪੋਤਰਿਆਂ ਵੱਲੋਂ ਹੋ ਰਿਹਾ ਹੈ ਉਸ ਦੇ ਨਮੂਨੇ ਵਿਖਾਉਣ ਲਈ ਪਹਿਲਾਂ ਮੈਂ ਤੁਹਾਨੂੰ ਆਪਣੇ ਜੱਦੀ ਘਰ ਪਾਕਿਸਤਾਨ ਵਿਚ ਲੈ ਚੱਲਦੀ ਹਾਂ, ਜੋ ਦੁਨੀਆ ਵਿਚ ਪੰਜਾਬੀ ਬੁਲਾਰਿਆਂ ਦਾ ਸਭ ਤੋਂ ਵੱਡਾ ਗੜ੍ਹ ਹੈ ।

ਯਾ ਅੱਲਾਹ ! ਮੇਰੇ ਜੰਮਣ ਤੋਂ ਲੈ ਕੇ ਹੁਣ ਤਕ ਕਿਸੇ ਜਰਵਾਣੇ ਨੇ ਵੀ ਮੇਰੀ ਏਨੀ ਦੁਰਗਤ ਨਹੀਂ ਸੀ ਕੀਤੀ, ਜਿੰਨੀ ਮੇਰੀ ਆਪਣੀ ਔਲਾਦ ਪਾਕਿਸਤਾਨੀ ਪੰਜਾਬ ਵਿਚ ਕਰ ਰਹੀ ਹੈ । ਮਸਲਨ ;

- ⊗ ਪੰਜਾਬ ਦੀ ਕਾਨੂੰਨ-ਘੜਨੀ ਅਸੈਂਬਲੀ ਵਿਚ ਕਿਸੇ ਮੈਂਬਰ ਨੂੰ ਸਪੀਕਰ ਦੀ ਮਨਜ਼ੂਰੀ ਬਿਨਾਂ ਆਪਣੀ ਤਕਰੀਰ ਲਈ ਮੈਨੂੰ ਵਰਤਣ ਦੀ ਖੁੱਲ੍ਹ ਨਹੀਂ ਹੈ ।
- ⊗ ਦਫ਼ਤਰਾਂ ਤੇ ਕਚਹਿਰੀਆਂ ਦੀ ਸਰਕਾਰੀ ਜ਼ਬਾਨ ਉਰਦੂ ਹੈ ਜਾਂ ਅੰਗਰੇਜ਼ੀ ।
- ⊗ ਕੱਚੀ ਪਹਿਲੀ ਜਮਾਤ ਤੋਂ ਪੌੜੀ ਦੇ ਸਿਖਰਲੇ ਡੰਡੇ ਤਕ, ਸਾਰੀ ਪੜ੍ਹਾਈ ਉਰਦੂ ਵਿਚ ਹੈ ਜਾਂ ਅੰਗਰੇਜ਼ੀ ਵਿਚ ।
- ⊗ ਸਾਰੇ ਵੱਡੇ ਅਖ਼ਬਾਰ ਉਰਦੂ ਵਿਚ ਛਪਦੇ ਨੇ ਜਾਂ ਅੰਗਰੇਜ਼ੀ ਵਿਚ ।

''ਗੱਲ ਕੀ, ਪਾਕਿਤਸਾਨੀ ਪੰਜਾਬ ਦੀ ਆਜ਼ਾਦ ਦੇਸੀ ਸਰਕਾਰ, ਮੇਰੇ ਨਾਲ ਜਿਸ ਤਰ੍ਹਾਂ ਦਾ ਮਤਰੇਆ ਸਲੂਕ ਕਰ ਰਹੀ ਹੈ, ਉਹ ਤਾਂ ਕਦੀ ਕਿਸੇ ਦੁਸ਼ਮਨ ਨੇ ਵੀ ਨਹੀਂ ਸੀ ਕੀਤਾ । ਪਾਕਿਸਤਾਨੀ ਪੰਜਾਬ ਦੀ ਮਾਨਸਿਕਤਾ ਨੇ ਜਿਸ ਤਰ੍ਹਾਂ ਉਰਦੂ ਤੇ ਇਸਲਾਮ ਦੇ ਗਠ-ਜੋੜ ਨੂੰ ਪੀਡਾ ਕੀਤਾ ਹੋਇਆ ਹੈ, ਸਿੰਧ, ਬਲੋਚਿਸਤਾਨ ਜਾਂ ਸੂਬਾ ਸਰਹੱਦ ਵਿਚ ਉਸ ਦਾ ਨਾਂ-ਨਿਸ਼ਾਨ ਵੀ ਨਹੀਂ ਮਿਲਦਾ । ਸਿੰਧ ਦੇ ਮੁਸਲਮਾਨਾਂ ਦਾ ਇਸਲਾਮ, ਸਿੰਧੀ ਭਾਸ਼ਾ ਦਾ ਸਨੇਹੀ ਹੈ, ਵੈਰੀ ਨਹੀਂ । ਬਲੋਚਿਸਤਾਨ ਤੇ ਸੂਬਾ ਸਰਹੱਦ ਦੇ ਇਸਲਾਮ ਦੀ ਵੀ ਓਥੋਂ ਦੀਆਂ ਕੁਦਰਤੀ ਬੋਲੀਆਂ ਨਾਲ ਕੋਈ ਗ਼ੈਰਸਾਲੀ ਨਹੀਂ ਹੈ । ਇਕੱਲਾ ਪਾਕਿਸਤਾਨੀ ਪੰਜਾਬ ਦਾ ਸੂਬਾ ਹੀ ਹੈ, ਜਿਸ ਦਾ ਇਸਲਾਮ ਓਥੋਂ ਦੇ ਬੁਲਾਰਿਆਂ ਨੂੰ ਆਪਣੀ ਮਾਂ-ਬੋਲੀ ਨਾਲ ਵੈਰ ਕਮਾਉਣ ਦੀ ਸਿੱਖਿਆ ਦੇਂਦਾ ਪ੍ਰਤੀਤ ਹੁੰਦਾ ਹੈ । ਪੁੱਤਰ ਤਾਂ ਆਪ ਆਜ਼ਾਦ ਹੋ ਕੇ ਆਪਣੀ ਬੁੱਢੀ ਮਾਂ ਨਾਲ ਖੁੱਲ੍ਹਮ-ਖੁੱਲ੍ਹਾ ਦਗ਼ਾ ਕਮਾਉਣ ਵਿਚ ਲੱਗੇ ਹੋਏ ਨੇ, ਪਰ ਮੈਂ ਤਾਂ ਹੁਣ ਵੀ, ਓਨ੍ਹਾਂ ਵੱਲੋਂ ਦੁਰਕਾਰੇ ਜਾਣ ਦੇ ਬਾਵਜੂਦ, ਅਵਾਮ ਦੀਆਂ ਭਾਸ਼ਾਈ ਲੋੜਾਂ ਬਾਕਾਇਦਾ ਪੂਰ ਰਹੀ ਹਾਂ । ਮੈਂ ਅਭਾਗਣ ਅੱਜ ਵੀ ਰੱਬ ਪਾਸੋਂ ਆਪਣੇ ਗੁਮਰਾਹ ਹੋਏ ਇਨ੍ਹਾਂ ਪੁੱਤਰਾਂ ਦੀਆਂ ਸੌ ਰੱਖਾਂ ਮੰਗਦੀ ਹਾਂ । ਸੁਰੰਦਣੀ ਹੋਵੇ ਇਨ੍ਹਾਂ ਦੀ ਆਜ਼ਾਦੀ । ਮੇਰੀਆਂ ਅੱਖਾਂ ਦੇ ਤਾਰੇ, ਜੁਗ ਜੁਗ ਜੀਉਂਦੇ ਰਹਿਣ !

''ਹੁਣ ਚੱਲੀਏ ਚੜ੍ਹਦੇ ਪੰਜਾਬ ਵਿਚ ਤੇ ਵੇਖੀਏ ਆਜ਼ਾਦੀ ਤੋਂ ਝੱਟ ਪਹਿਲਾਂ ਦੇ ਭਾਸ਼ਾ + ਮਜ਼ਹਬ ਦੇ ਮਸਨੂਈ ਗੰਢ-ਚਿਤਰਾਵੇ ਨੇ ਆਜ਼ਾਦੀ ਤੋਂ ਪਿੱਛੋਂ ਕੀ ਸ਼ਕਲ ਇਖ਼ਤਿਆਰ ਕੀਤੀ ਹੈ ?

''ਮੁਸਲਿਮ ਲੀਗ ਦੀ ਫ਼ਿਰਕੂ ਨੀਤੀ ਦੇ ਜਵਾਬ ਵਿਚ, ਪੰਜਾਬ ਦੇ ਹਿੰਦੂਆਂ ਤੇ ਸਿੱਖਾਂ ਨੇ ਵੀ ਫ਼ਿਰਕੂ ਨੀਤੀਆਂ ਅਪਣਾਈਆਂ ਹੋਈਆਂ ਸਨ ਪਰ ਸਿਆਸੀ ਮੁਹਾਜ਼ ਉੱਤੇ ਸਾਂਝਾ ਮੋਰਚਾ ਬਣਾਇਆ ਹੋਇਆ ਸੀ । ਪਾਕਿਸਤਾਨ ਬਣਨ ਤੋਂ ਬਾਅਦ ਲਹਿੰਦੇ ਪੰਜਾਬ ਵਿਚ ਤਾਂ ਇੱਕੋ ਮਜ਼ਹਬ ਰਹਿ ਗਿਆ ਪਰ ਭਾਰਤੀ ਪੰਜਾਬ ਵਿਚ ਦੋ ਮਜ਼ਹਬ ਆ ਗਏ । ਇਨ੍ਹਾਂ ਦੀ ਸਾਰੀ ਸਿਖਲਾਈ ਫ਼ਿਰਕੂ ਸਿਆਸਤ ਦੀ ਸੀ, ਜਿਸ ਵਿਚ ਇਕ ਮਜ਼ਹਬੀ ਧੜੇ ਨੇ ਦੂਜੇ ਮਜ਼ਹਬੀ ਧੜੇ ਨੂੰ ਨਿਸ਼ਾਨਾ ਬਣਾ ਕੇ ਫੁੰਡਣਾ ਹੁੰਦਾ ਸੀ । ਚੜ੍ਹਦੇ ਪੰਜਾਬ ਵਿਚ, ਆਜ਼ਾਦੀ ਤੋਂ ਝੱਟ ਪਹਿਲਾਂ ਵਾਲਾ ਹਿੰਦੂ-ਸਿੱਖ ਸਾਂਝਾ ਮੁਹਾਜ਼ ਕੁੱਝ ਦੇਰ ਤਾਂ ਕਾਇਮ ਰਿਹਾ, ਪਰ ਛੇਤੀ ਹੀ ਦੁਹਾਂ ਧੜਿਆਂ ਦੀ, ਮਜ਼ਹਬ ਨੂੰ ਸਿਆਸੀ ਹਥਿਆਰ ਪਾਰੋਂ ਵਰਤਣ ਦੀ ਸਿਖਲਾਈ ਨੇ ਆਪਣੇ ਫਣ ਖਿਲਾਰਨੇ ਸ਼ੁਰੂ ਕਰ ਦਿੱਤੇ । ਅਖ਼ਬਾਰੀ ਬਿਆਨਬਾਜ਼ੀ ਨੇ ਜਲੂਸਬਾਜ਼ੀ ਦੀ ਸ਼ਕਲ ਧਾਰੀ ਤੇ ਮਜ਼ਹਬਾਂ ਦੀ ਉਪਜਾਈ ਨਫ਼ਰਤ ਨੇ ਅਖ਼ੀਰ ਦੁਹਾਂ ਦਲਾਂ ਨੂੰ ਘਾਤਕ ਹਿੰਸਾ ਤਕ ਪਹੁੰਚਾ ਦਿੱਤਾ । ਇਹ ਸਭ ਕੁੱਝ ਹੋਇਆ ਭਾਸ਼ਾ + ਮਜ਼ਹਬ ਦੇ ਨਾਂ ਉੱਤੇ । ਪੰਜਾਬ ਦੇ ਹਿੰਦੂਆਂ ਦੀ ''ਮਾਦਰੀ'' ਜ਼ਬਾਨ ਹਿੰਦੀ ਤੇ ਸਿੱਖਾਂ ਦੀ ਮਾਦਰੀ ਜ਼ਬਾਨ ਪੰਜਾਬੀ । ਚੁਆਤੀ ਲਾਉਣ ਵਾਲੇ ਹੀ ਸੁਲਹ-ਸਫ਼ਾਈ ਕਰਨ ਬੈਠਦੇ ਤੇ ''ਫ਼ਾਰਮੂਲੇ'' ਘੜਨ-ਤੋੜਨ ਦੇ ਸ਼ੁਗ਼ਲ ਨਾਲ ਜੀਅ ਪਰਚਾਉਂਦੇ ਰਹਿੰਦੇ । ਅਖ਼ੀਰ, ਏਸ ਭੰਨ-ਤੋੜ ਦਾ ਅਮਲ ਮੁੱਕਿਆ 1966 ਵਿਚ ਜਦੋਂ ਭਾਰਤ ਦੇ ਹਿੱਸੇ ਵਿਚ ਆਏ ਪੰਜਾਬ ਦੇ ਤਿੰਨ ਟੋਟੇ ਕੀਤੇ ਗਏ — ਪੰਜਾਬ, ਹਰਿਆਣਾ ਤੇ ਹਿਮਾਚਲ । ਮੈਨੂੰ ਲੱਗਿਆ, ਜਿਵੇਂ ਇਤਿਹਾਸ ਵਿਚ ਪਹਿਲੀ ਵਾਰੀ ਮੇਰੇ ਭਾਗ ਜਾਗਣ ਲੱਗੇ ਨੇ । ਉੱਤੋਂ, ਛੇਤੀ ਹੀ ਬਣ ਗਈ ਲਛਮਣ ਸਿੰਘ ਗਿੱਲ ਦੀ ਸਰਕਾਰ । ਓਦੋਂ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦਾ ਮੁਖੀ ਸੀ ਗਿਆਨੀ ਲਾਲ ਸਿੰਘ । ਮੁਖ ਮੰਤਰੀ ਲਛਮਣ ਸਿੰਘ ਤੇ ਗਿਆਨੀ ਲਾਲ ਸਿੰਘ ਗਰਾਈਂ ਸਨ । ਫੇਰ ਕੀ ਸੀ ? ਰਾਤੋ-ਰਾਤ ਦੋਹੀ ਫਿਰ ਗਈ ਕਿ ''ਕੱਲ੍ਹ ਤੋਂ ਹੀ ਪੰਜਾਬ ਦੀ ਸਰਕਾਰੀ ਭਾਸ਼ਾ ਗੁਰਮੁਖੀ ਵਿਚ ਲਿਖੀ ਪੰਜਾਬੀ ਹੋਵੇਗੀ ! ਚਪੜਾਸੀਆਂ ਤੋਂ

ਲੈ ਕੇ ਸਰਕਾਰ ਦੇ ਚੀਫ਼ ਸਕੱਤਰ ਤਕ ਹਰ ਸਰਕਾਰੀ ਮੁਲਾਜ਼ਮ ਨੂੰ ਸਰਕਾਰੀ ਲਿਖਾ–ਪੜ੍ਹੀ ਪੰਜਾਬੀ ਵਿਚ ਕਰਨੀ ਪਵੇਗੀ । ਸਭ ਸਰਕਾਰੀ ਸਕੂਲਾਂ ਵਿਚ ਹੇਠੋਂ ਲੈ ਕੇ ਉੱਪਰ ਤਕ ਹਰ ਮਜ਼ਮੂਨ ਪੰਜਾਬੀ ਵਿਚ ਪੜ੍ਹਾਇਆ ਜਾਵੇਗਾ ।''

''ਇਉਂ, ਖ਼ਬਰੇ ਕਿੰਨੀਆਂ ਸਦੀਆਂ ਦੇ ਬਾਅਦ ਪਹਿਲੀ ਵਾਰ ਮੇਰੀ ਆਪਣੀ ਸੁਤੰਤਰ ਸਲਤਨਤ ਕਾਇਮ ਹੋਈ । ਪੰਜਾਬ ਸਰਕਾਰ ਵੱਲੋਂ ਮੇਰੀ ਤਾਜਪੋਸ਼ੀ ਦੇ ਜਸ਼ਨ ਮਨਾਏ ਗਏ । ਇਹ ਇਕ ਬਹੁਤ ਵੱਡੀ ਅਹਿਮੀਅਤ ਵਾਲੀ ਇਤਿਹਾਸਿਕ ਘਟਨਾ ਸੀ, ਸੋ ਮੇਰੇ ਹਿਤੈਸ਼ੀਆਂ ਨੇ ਘਿਉ ਦੇ ਦੀਵੇ ਜਗਾਏ । ਪਰ ਗਿੱਲ–ਗਿਆਨੀ ਰਾਜ ਥੁੜ–ਚਿਰਾ ਸਾਬਤ ਹੋਇਆ । ਇਸ ਦਾ ਤਖ਼ਤਾ ਉਲਟਣ ਦੀ ਦੇਰ ਸੀ ਕਿ ਮੇਰੀ ਸੁਰੱਖਿਆ ਲਈ ਬਣਾਈ ਕਾਨੂੰਨੀ ਵਾੜਬੰਦੀ ਨੂੰ ਵਜ਼ੀਰਾਂ ਤੇ ਸਕੱਤਰਾਂ ਦੀ ਪੱਧਰ ਉੱਤੇ ਖੁਲ੍ਹੱਮ–ਖੁੱਲ੍ਹਾ ਉਲੰਘਿਆ ਜਾਣਾ ਸ਼ੁਰੂ ਹੋ ਗਿਆ । ਕਰੀਬ ਕਰੀਬ ਸਾਰੀ ਉਚੇਰੀ ਪੱਧਰ ਦੀ ਸਰਕਾਰੀ ਲਿਖਾ–ਪੜ੍ਹੀ ਅੰਗਰੇਜ਼ੀ ਵਿਚ ਹੋਣ ਲੱਗ ਪਈ । ਜਿਸ ਸਿਆਸੀ ਪਾਰਟੀ ਨੇ ਇਕ–ਭਾਸ਼ੀ ਪੰਜਾਬੀ ਸੂਬੇ ਲਈ ਸਭ ਤੋਂ ਵੱਧ ਸੰਘਰਸ਼ ਕੀਤਾ ਸੀ, ਵਜ਼ਾਰਤ ਦੀ ਕੁਰਸੀ ਮਿਲਦੇ ਸਾਰ ਉਸ ਦੇ ਜੱਥੇਦਾਰਾਂ ਨੇ, ਪੰਜਾਬ ਦੀ ਉੱਚ ਅਫ਼ਸਰਸ਼ਾਹੀ ਦੀ ਨਕਲ ਵਿਚ, ਆਪਣੇ ਬੱਚੇ ਵੀ ਅੰਗਰੇਜ਼ੀ ਮਾਧਿਅਮ ਵਾਲੇ ਸਕੂਲਾਂ ਵਿਚ ਭੇਜਣੇ ਸ਼ੁਰੂ ਕਰ ਦਿੱਤੇ । ਭੇਡ–ਚਾਲ ਕਰਕੇ ਅੰਗਰੇਜ਼ੀ ਸਕੂਲਾਂ ਦੀ ਮੰਗ ਵਧ ਗਈ । ਅੰਗਰੇਜ਼ੀ ਦੇ ਗਿਆਨ ਨੂੰ ਹਰ ਤਰ੍ਹਾਂ ਦੀ ਤਰੱਕੀ ਦਾ ਦਰਵਾਜ਼ਾ ਸਮਝ ਲਿਆ ਗਿਆ । ਨੌਬਤ ਏਥੋਂ ਤਕ ਪਹੁੰਚ ਗਈ ਕਿ ਇਕ–ਭਾਸ਼ੀ ਪੰਜਾਬੀ ਸੂਬੇ ਦੀ ਕਾਇਮੀ ਲਈ ਲੱਖਾਂ ਬੰਦੇ ਗਰਿਫ਼ਤਾਰ ਕਰਾਉਣ ਵਾਲੇ ਦਲ ਦੀ ਹਕੂਮਤ ਨੇ ਕੱਚੀ ਪਹਿਲੀ ਜਮਾਤ ਤੋਂ ਹਰ ਸਰਕਾਰੀ ਸਕੂਲ ਵਿਚ ਮੇਰੇ ਨਾਲ ਮੇਰੀ ਸੌਂਕਣ ਅੰਗਰੇਜ਼ੀ ਦੀ ਪੜ੍ਹਾਈ ਲਾਜ਼ਮੀ ਬਣਾ ਦਿੱਤੀ ! ਇਕ–ਭਾਸ਼ੀ ਪੰਜਾਬ ਨੂੰ ਗਿਆਨੀ ਜ਼ੈਲ ਸਿੰਘ ਜੀ, ਆਪਣੀ ਚੀਫ਼ ਮਿਨਿਸਟਰੀ ਦੌਰਾਨ ਹਿੰਦੀ ਦੀ ਲਾਜ਼ਮੀ ਪੜ੍ਹਾਈ ਨਾਲ, ਇਕ ਤਰ੍ਹਾਂ, ਦੋਭਾਸ਼ੀ ਪੰਜਾਬ ਬਣਾ ਗਏ ਸਨ ਪਰ ਹਿੰਦੀ ਭਾਸ਼ਾ, ਸਕਤੱਰੇਤ ਤੇ ਉਚੇਰੀ ਪੜ੍ਹਾਈ ਦੇ ਮਾਧਿਅਮ ਵਾਲੇ ਪਾਸੇ ਕੋਈ ਖ਼ਾਸ ਦਖ਼ਲ ਨਹੀਂ ਸੀ ਦੇਂਦੀ ਪਰ ਜਦੋਂ ਅੰਗਰੇਜ਼ੀ ਚਾਲੂ ਕੀਤੀ ਗਈ ਤਾਂ ਪੰਜਾਬ, ਬਿਨਾਂ ਕਿਸੇ ਸਰਕਾਰੀ ਏਲਾਨ ਦੇ, ਤਿਭਾਸ਼ੀ ਸੂਬਾ ਬਣ ਗਿਆ । ਅੰਗਰੇਜ਼ੀ ਦਾ ਅੱਗੇ ਹੀ ਸਕਤੱਰੇਤ ਉੱਤੇ ਕਬਜ਼ਾ ਸੀ । ਯੂਨੀਵਰਸਿਟੀਆਂ ਵਿਚ ਵੀ ਅੱਗੇ ਨਾਲੋਂ ਅੰਗਰੇਜ਼ੀ ਦੀ ਚੜ੍ਹਤ ਵਧ ਗਈ । ਲਛਮਣ ਸਿੰਘ – ਲਾਲ ਸਿੰਘ ਦੀ ਕੀਤੀ–ਕਿਤਾਈ ਉੱਤੇ ਪਾਣੀ ਫਿਰ ਗਿਆ । ਇਸ ਵੇਲੇ ਹਾਲਤ ਇਹ ਬਣ ਚੁੱਕੀ ਹੈ ਕਿ ਪੰਜਾਬ ਵਿਚ ਸਰਕਾਰ ਭਾਵੇਂ ਕਿਸੇ ਵੀ ਪਾਰਟੀ ਦੀ ਹੋਵੇ, ਉਹ ਦ੍ਰਿੜ੍ਹ ਹੁੰਦੀ ਹੈ, ਕਿ ਪੰਜਾਬ ਦੀ ਤਰੱਕੀ ਅੰਗਰੇਜ਼ੀ ਨਾਲ ਬੱਝੀ ਹੋਈ ਹੈ ਤੇ ਜੇ ਅੰਗਰੇਜ਼ੀ ਕੱਚੀ ਪਹਿਲੀ ਤੋਂ ਨਾ ਪੜ੍ਹਾਈ ਗਈ ਤਾਂ ਪੰਜਾਬ ਦੇ ਬੱਚੇ ਹਰ ਖੇਤਰ ਵਿਚ ਫਾਡੀ ਰਹਿ ਜਾਣਗੇ ! ਚੜ੍ਹਦੇ ਪੰਜਾਬ ਦੀ ਕੋਈ ਪਾਰਟੀ ਇਹ ਸੁਣਨ ਨੂੰ ਤਿਆਰ ਨਹੀਂ ਕਿ ਜੇ ਮੈਂ ਆਪਣੇ ਬੱਚਿਆਂ ਨੂੰ ਪਹਿਲੀਆਂ ਚਾਰ ਜਮਾਤਾਂ ਪੜ੍ਹਾ ਦਿਆਂ ਤੇ ਪੰਜਵੀਂ ਜਮਾਤ ਤੋਂ ਅੰਗਰੇਜ਼ੀ ਚਾਲੂ ਹੋ ਜਾਵੇ ਤਾਂ ਅੰਗਰੇਜ਼ੀ ਵਿਚ ਮੁਹਾਰਤ ਵੀ ਪੂਰੀ ਹੋਵੇਗੀ ਤੇ ਮੇਰਾ ਹੱਕ ਵੀ ਨਹੀਂ ਮਰੇਗਾ । ਮੇਰੇ ਹਿਤੈਸ਼ੀ, ਇਹ ਨਿੱਕਾ ਜਿਹਾ ਨੁਕਤਾ ਸਮਝਾਉਣ ਲਈ, ਹਿੰਸਕ ਕਾਰਵਾਈ ਤੋਂ ਉਰੇ ਉਰੇ, ਸਾਰੇ ਹਥਿਆਰ ਵਰਤ ਚੁੱਕੇ ਨੇ ਪਰ 'ਕੰਨੀ ਬੁਜੇ ਦੇ ਰਹਾਂ ਕਿਤੀ ਵਗੇ ਪਉਣ' ! ਜਿਵੇਂ ਲਹਿੰਦੇ ਪੰਜਾਬ ਦੀ ਸਰਕਾਰ ਪੰਜਾਬੀ–ਬੋਲਦੇ ਲੋਕਾਂ ਦੀ ਨੁਮਾਇੰਦਗੀ ਦਾ ਦਾਅਵਾ ਕਰਦੀ ਹੈ, ਓਵੇਂ ਹੀ ਚੜ੍ਹਦੇ ਪੰਜਾਬ ਦੀ ਸਰਕਾਰ ਵੀ ਆਪਣੇ ਪੰਜਾਬੀ–ਬੋਲਦੇ ਲੋਕਾਂ ਦੀ ਨੁਮਾਇੰਦਗੀ ਦਾ ਦਮ ਭਰਦੀ ਹੈ, ਪਰ ਆਪੋ–ਆਪਣੇ ਲੋਕਾਂ ਦੀ ਬੋਲੀ ਬਾਰੇ ਦੋਵੇਂ ਸਰਕਾਰਾਂ ਫੱਫੇ ਕੁੱਟਣੀ ਨੂੰ ਮਾਂ ਨਾਲੋਂ ਹੇਜਲੀ ਮੰਨੀ ਬੈਠੀਆਂ ਨੇ ! ਦੁਹਾਂ ਪਾਸਿਆਂ ਦੀਆਂ ਹੁਕਮਰਾਨ ਜਮਾਤਾਂ ਆਪਣੀ ਮਾਂ–ਬੋਲੀ ਦਾ ਮੁੱਲ ਕਿਸੇ ਫ਼ੁਟ–ਪੈਡ ਤੋਂ ਵਧ ਨਹੀਂ ਪਾਉਂਦੀਆਂ । ਕਿਹਾ ਜਾ ਸਕਦਾ ਹੈ ਕਿ ਚੜ੍ਹਦੇ ਪੰਜਾਬ ਵਿਚ ਅਜੇ ਮੇਰਾ ਹਾਲ ਪਾਕਿਸਤਾਨੀ ਪੰਜਾਬ ਵਾਲਾ ਨਹੀਂ ਹੋਇਆ । ਮੈਨੂੰ ਕਿਸੇ ਹਾਲ ਵਿਚ ਰਹਿਣ ਦੇਣ, ਮੈਂ ਤਾਂ ਫੇਰ ਵੀ ਸ਼ੁਕਰ ਮਨਾਵਾਂਗੀ, ਪਰ ਜਿਵੇਂ ਦੁਹਾਂ ਪਾਸਿਆਂ ਦੇ ਮਾਪੇ, ਸਰਕਾਰਾਂ ਦੀ ਬੇਰੁਖ਼ੀ ਦੀ ਸੁਰ ਨਾਲ ਆਪਣੀ ਸੁਰ ਮਿਲਾਉਣ ਲੱਗ ਪਏ ਨੇ, ਉਸ ਨਾਲ ਬਿਲਾਸ਼ੱਕ ਸਮਝ ਲਓ, ਮੇਰੀਆਂ ਅੱਖਾਂ ਦੇ ਤਾਰਿਓ ! ਮੈਨੂੰ ਸਿਵਿਆਂ ਦੇ ਰਾਹ ਉੱਤੇ ਪਾਇਆ ਜਾ ਚੁੱਕਿਆ ਹੈ ।

''ਗ਼ੁਲਾਮੀ ਤੇ ਆਜ਼ਾਦੀ ਵਿਚ ਬਿਤਾਏ ਦਿਨਾਂ ਦੀ ਵਿਥਿਆ ਤੁਸੀਂ ਆਪਣੀ ਮਾਂ ਕੋਲੋਂ ਸੁਣੀ ਹੈ । ਮਤੇ ਤੁਹਾਡੇ ਵਿੱਚੋਂ ਕਿਸੇ ਨੂੰ ਭੁਲੇਖਾ ਲੱਗੇ ਕਿ ਪਾਕਿਸਤਾਨੀ ਪੰਜਾਬ ਵਿਚ ਸਾਡੀ ਮਾਂ ਦੇ ਬੜੇ ਗਰਮਜੋਸ਼ ਹਿਮਾਇਤੀ ਮੌਜੂਦ ਨੇ ਜੋ ਆਪਣੀ ਮਾਂ ਨੂੰ ਕਬਰਿਸਤਾਨ ਵੱਲ ਨਹੀਂ ਜਾਣ ਦੇਣਗੇ । ਮੈਥੋਂ ਕੀ ਭੁੱਲਿਆ ਹੋਇਐ ? ਦੁਹਾਂ ਪਾਸਿਆਂ ਦੇ ਬੜੇ ਤੇਜ਼–ਤਰਾਰ ਹਮਾਇਤੀ ਏਥੇ ਵੀ ਬੈਠੇ ਹੋਏ ਨੇ । ਚੜ੍ਹਦੇ ਪੰਜਾਬ ਵਿਚ ਤਾਂ ਦਰਜਨਾਂ ਰੋਜ਼ਾਨਾ ਅਖ਼ਬਾਰ ਨੇ,

ਯੂਨੀਵਰਸਿਟੀਆਂ ਵੀ ਨੇ ਤੇ ਖੋਜਸ਼ਾਲਾਵਾਂ ਵੀ ਨੇ ; ਸੈਂਕੜਿਆਂ ਦੀ ਗਿਣਤੀ ਵਿਚ ਕਿਤਾਬਾਂ ਹਰ ਸਾਲ ਛਪਦੀਆਂ ਨੇ, ਸੋ ਤੁਸੀਂ ਕਹਿ ਸਕਦੇ ਹੋ ਕਿ ਮਾਂ ਤਾਂ ਐਵੇਂ ਯਰਕੀ ਜਾਂਦੀ ਹੈ, ਅਸੀਂ ਜੋ ਬੈਠੇ ਹਾਂ, ਇਸ ਦੇ ਰਾਖੇ । ਮੈਂ ਕਹਿੰਦੀ ਹਾਂ, ਮੇਰੇ ਹੀਰਿਓ ! ਤੁਸੀਂ ਜੁਗ ਜੁਗ ਜੀਓ ! ਤੁਸੀਂ ਆਪਣੀ ਥਾਂ ਸੱਚੇ ਹੋ, ਬੇਸ਼ੱਕ ਕਹੋ ਕਿ ਸਾਡੀ ਮਾਂ ਨੂੰ ਸਦੀਆਂ ਦੀ ਗ਼ੁਲਾਮੀ ਵਿਚ ਜੀਉਂਦੇ ਰਹਿਣ ਦਾ ਵੱਲ ਆਉਂਦਾ ਹੈ । ਇਸ ਨੇ ਓਦੋਂ ਹੌਸਲਾ ਨਹੀਂ ਸੀ ਹਾਰਿਆ, ਹੁਣ ਤਾਂ ਹਰ ਪਾਸੇ ਲਹਿਰ–ਬਹਿਰ ਹੈ, ਐਵੇਂ ਪਤਾ ਨਹੀਂ ਕਿਉਂ ਮਰੂੰ–ਮਰੂੰ ਕਰੀ ਜਾਂਦੀ ਹੈ ?

''ਜੀਉਣ ਜੋਗਿਓ ! ਮੈਨੂੰ ਸਿਵੇ ਇਸ ਕਰ ਕੇ ਦਿੱਸਣ ਲੱਗ ਪਏ ਨੇ ਕਿ ਦੁਹਾਂ ਪੰਜਾਬਾਂ ਦੇ ਮਾਪੇ ਮੇਰਾ ਲੜ ਛੱਡ ਗਏ ਨੇ । ਸਰਕਾਰਾਂ ਦੇ ਵਜ਼ੀਰਾਂ, ਉੱਚੇ ਅਧਿਕਾਰੀਆਂ ਤੇ ਯੂਨੀਵਰਸਿਟੀਆਂ ਨੇ ਇੱਕੋ ਰਟ ਲਾਈ ਹੋਈ ਹੈ ਕਿ ਪੰਜਾਬੀ ਵਿਚ ਉਚੇਰੀ ਸਿੱਖਿਆ ਦਾ ਮਾਧਿਅਮ ਬਣਨ ਦੀ ਨਾ ਸਮਰੱਥਾ ਹੈ ਨਾ ਕੁਸ਼ਲਤਾ, ਇਸ ਲਈ ਇਸ ਨੂੰ ਮਨਾਓ ਬਈ ਅੱਗੇ ਵਾਂਗ ਹੀ ਗ਼ੈਰ– ਤਕਨੀਕੀ, ਗ਼ੈਰ–ਵਿਸ਼ੇਸ਼ੱਗ ਖੇਤਰਾਂ ਵਿਚ ਮਜ਼ੇ ਨਾਲ ਰਹੀ ਜਾਏ । ਇਹ ਨਾ ਮਹਿਲਾਂ ਵਿਚ, ਨਾ ਯੂਨੀਵਰਸਿਟੀਆਂ ਵਿਚ, ਨਾ ਗੰਭੀਰ ਪੇਸ਼ਾਵਰਾਨਾ ਗੋਸ਼ਟੀਆਂ ਵਿਚ ਭਾਗ ਲੈਣ ਜੋਗੀ ਹੈ । ਗਲੀਆਂ–ਬਜ਼ਾਰਾਂ ਵਿਚ ਜਮ–ਜਮ ਬੁਲੀਂਦੀ ਰਹੇ, ਇਸ ਨੂੰ ਕੋਈ ਨਹੀਂ ਰੋਕੇਗਾ ।

''ਮੇਰੇ ਅਜ਼ੀਜ਼ੋ ! ਤੁਸੀਂ ਤਾਂ ਸਾਰੇ ਮੇਰੇ ਨਾਲੋਂ ਬਹੁਤ ਜ਼ਿਆਦਾ ਪੜ੍ਹੇ ਹੋਏ ਹੋ, ਮੈਨੂੰ ਚੰਗੀ ਤਰ੍ਹਾਂ ਸੋਚ ਕੇ ਦੱਸੋ ਕਿ ਵੈਸ਼ਵਿਕਤਾ (globalization) ਦੀ ਜਿਸ ਤੇਜ਼ ਲਹਿਰ ਦੀ ਲਪੇਟ ਵਿਚ ਆ ਚੁੱਕੀ 21ਵੀਂ ਸਦੀ ਵਿਚ ਤੁਸੀਂ ਵਿਚਰ ਰਹੇ ਹੋ, ਕੀ ਉਸ ਵਿਚ ਆਪਣੀ ਸਰਕਾਰ, ਉਚੇਰੇ ਬੁੱਧੀਮਾਨ ਤਬਕੇ ਤੇ ਮਾਪਿਆਂ ਵੱਲੋਂ ਦੁਰਕਾਰੀ ਹੋਈ ਕੋਈ ਭਾਸ਼ਾ, ਦੁਖ–ਸੁਖ ਤੇ ਇਸ਼ਕ–ਮੁਸ਼ਕ ਦੇ ਬਿਆਨਾਂ ਤੋਂ ਸਿਵਾ ਹੋਰ ਕਿਹੜੀ ਨਿਵਾਲ ਖੋਹ ਸਕਦੀ ਹੈ ?

''ਮੇਰੇ ਸਵਾਲ ਦਾ ਜਵਾਬ ਤਾਂ ਤੁਸੀਂ ਅਰਾਮ ਨਾਲ ਲੱਭਦੇ ਰਹਿਓ, ਪਰ ਪਹਿਲਾਂ, ਮੇਰੇ ਹਮਦਰਦੋ ! 21ਵੀਂ ਸਦੀ ਦੀਆਂ ਪੂਰੀਆਂ–ਦੀਆਂ–ਪੂਰੀਆਂ ਭਾਸ਼ਾਵਾਂ ਡਕਾਰ ਜਾਣ ਦੇ ਭੇਖੜੇ ਦੀ ਵਾਰਤਾ ਵਿਦਵਾਨ ਜਾਣਕਾਰਾਂ ਪਾਸੋਂ ਸੁਣ ਲਓ :

''ਲੰਡਨ ਤੋਂ ਨਿਕਲਦੇ ਇਕ ਬੜੇ ਸਿੱਕੇਬੰਦ ਰਿਸਾਲੇ 'ਦ ਇਕੋਨੌਮਿਸਟ' ਦੇ ਪਹਿਲੀ ਜਨਵਰੀ 2005 ਦੇ ਅੰਕ ਵਿਚ ਸਾਰੀ ਦੁਨੀਆ ਦੀਆਂ ਖ਼ਤਰੇ ਵਿਚ ਘਿਰੀਆਂ ਭਾਸ਼ਾਵਾਂ ਬਾਰੇ ਇਕ ਵਿਸ਼ੇਸ਼ ਰਪੋਟ ਛਪੀ ਸੀ, ਜਿਸ ਦਾ ਸਿਰਲੇਖ ਸੀ :

Babel runs backwards ਤੇ

ਉਪ–ਸਿਰਲੇਖ ਸੀ :

The world's languages are disappearing at the rate of one a fortnight.

''ਇਹ ਰਪੋਟ ਤੁਹਾਡੇ ਵਰਗੇ ਮੇਰੀ ਚਿਰਜੀਵਤਾ ਦੇ ਇਛੱਕ ਦੁਲਾਰਿਆਂ ਦੀਆਂ ਅੱਖਾਂ ਖੋਲ੍ਹਣ ਵਾਲੀ ਹੈ । ਹਾਲਾਤ ਜਿੰਨੀ ਤੇਜ਼ੀ ਨਾਲ ਬਦਲ ਰਹੇ ਨੇ ਤੇ ਅੱਗੋਂ ਹੋਰ ਬਦਲਣ ਦੀ ਬੜੀ ਵੱਡੀ ਸੰਭਾਵਨਾ ਹੈ, ਇਸ ਤੋਂ ਮੇਰੇ ਬੱਚੇ ਪੂਰੀ ਤਰ੍ਹਾਂ ਅਵੇਸਲੇ ਜਾਪ ਰਹੇ ਨੇ । ਰਪੋਟ ਅਨੁਸਾਰ ਅੱਜ ਦੀ ਦੁਨੀਆ ਵਿਚ ਆਪਣੀ ਵੱਖਰੀ ਪਛਾਣ ਵਾਲੀਆਂ ਕੁੱਲ 6800 ਭਾਸ਼ਾਵਾਂ ਮੌਜੂਦ ਨੇ, ਜਿਨ੍ਹਾਂ ਵਿੱਚੋਂ 400 ਮਰਨ ਕਿਨਾਰੇ ਪਈਆਂ ਨੇ ।

ਵਿਸ਼ਵੀਕਰਨ ਦਾ ਨਵਾਂ ਦੈਂਤ ਹਰ ਮਹੀਨੇ ਦੋ ਬੋਲੀਆਂ ਚਟਮ ਕਰਨ ਲੱਗ ਪਿਆ ਹੈ । ਤੁਹਾਡੇ ਸਮਝਣ ਵਾਲੀ ਵੱਡੀ ਗੱਲ ਇਹ ਹੈ ਕਿ ਪਿਛਲੇ ਜੁਗਾਂ ਵਿਚ ਜਰਵਾਣੇ, ਆਪਣੀ ਰਿਆਇਆ ਉੱਤੇ ਆਪਣੀ ਭਾਸ਼ਾ ਬਦੋ–ਬਦੀ ਠੋਸਦੇ ਸਨ, ਪਰ ਵਿਸ਼ਵੀਕਰਨ ਦੇ ਜੁਗ ਵਿਚ ਬੁਲਾਰੇ ਆਪਣੀ ਮਰਜ਼ੀ ਨਾਲ, ਬਲਕਿ ਖ਼ੁਸ਼ੀ ਨਾਲ, ਆਪਣੀ ਮਾਂ–ਬੋਲੀ ਦੀ ਕੁਰਬਾਨੀ ਦੇ ਕੇ, ਬਦੇਸੀ ਭਾਸ਼ਾ ਅੰਗਰੇਜ਼ੀ ਨੂੰ ਆਪਣੇ ਬੱਚਿਆਂ ਦੀ ਮਾਂ–ਬੋਲੀ ਬਣਾਉਣ ਵਿਚ ਫ਼ਖ਼ਰ ਮਹਿਸੂਸ ਕਰਨ ਲੱਗ ਪਏ ਨੇ । ਹਾਏ ਓਏ, ਮੇਰੇ ਪੁੱਤਰੋ ! ਕਿੱਥੇ ਗਏ ਉਹ ਲੋਕ ਜਿਨ੍ਹਾਂ ਨੂੰ ਪਤਾ ਸੀ ਕਿ ਮਾਂ–ਬੋਲੀ ਗਈ ਤਾਂ ਕਲਚਰ ਵੀ ਗਿਆ ਤੇ ਤੁਹਾਡੀ ਵੱਖਰੀ ਪਛਾਣ ਵੀ ਗਈ !

''ਜੀਉਣ ਜੋਗਿਓ ! ਤੁਸੀਂ ਮੈਨੂੰ ਸਿਵਿਆਂ ਦੇ ਰਾਹ ਦੀ ਗੱਲ ਨਹੀਂ ਕਰਨ ਦੇਂਦੇ, ਪਰ 21ਵੀਂ ਸਦੀ ਦੇ ਭਾਸ਼ਾਵਾਂ ਨੂੰ ਹੜੱਪ ਕਰਨ ਦੇ ਲੱਛਣ ਦੇ ਪ੍ਰਸੰਗ ਵਿਚ ਮੈਨੂੰ ਰੱਖ ਕੇ ਵੇਖੋ ਤਾਂ ਸਹੀ ਕਿ ਬਾਬਾ ਫ਼ਰੀਦ, ਗੁਰੂ ਨਾਨਕ ਦੇਵ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ, ਸ਼ਾਹ ਮੁਹੱਮਦ ਤੇ ਪੂਰਨ ਸਿੰਘ ਦੀ ਅਤੇ ਤੁਹਾਡੀ ਮਾਂ ਦਾ ਕੱਲ੍ਹ ਨੂੰ ਕੀ ਹਸ਼ਰ ਹੋਣ ਵਾਲਾ ਹੈ ? ਅੱਜ ਦੇ ਹਾਲਤ ਵਿਚ ਮੈਂ ਆਪਣੇ ਆਪ ਨੂੰ ਕਿਵੇਂ ਵੇਖਦੀ ਹਾਂ, ਇਹ ਸੱਚੋ ਸੱਚ ਦੱਸਾਂ ਤਾਂ ਕੀ ਤੁਸੀਂ ਸੁਣ ਸਕੋਗੇ ? ਸੁਣੋ

(1) ਪਹਿਲੀ ਗੱਲ ਤੁਹਾਡੇ ਧਿਆਨ–ਗੋਚਰੀ ਇਹ ਹੈ ਕਿ ਦੁਨੀਆ ਵਿਚ ਇਸ ਵੇਲੇ ਜਿੰਨੇ ਵੀ ਮਜ਼ਮੂਨ ਨੇ, ਉਨ੍ਹਾਂ ਦੇ ਸਹੀ, ਸੰਪੂਰਨ ਤੇ ਨਿਸਚਿਤ ਅਰਥ–ਘੇਰੇ ਨੂੰ ਪ੍ਰਗਟਾਉਣ ਵਾਲੇ ਲਫ਼ਜ਼ੀ ਭਾਂਡੇ ਮੇਰੇ ਪਾਸ ਨਹੀਂ ਹਨ । ਤੁਹਾਡੇ ਬਜ਼ੁਰਗਾਂ ਨੇ ਮੈਨੂੰ ਉਨ੍ਹਾਂ ਤਜਰਬਾ–ਘਰਾਂ ਵਿਚ ਦਾਖ਼ਲ ਹੋਣ ਦਾ ਹੱਕ ਲੈ ਕੇ ਹੀ ਨਹੀਂ ਸੀ ਦਿੱਤਾ ਜਿਨ੍ਹਾਂ ਵਿਚ ਆਮ ਲਫ਼ਜ਼ਾਂ ਨੂੰ ਖ਼ਾਸ ਅਰਥ ਦਿੱਤੇ ਜਾਂਦੇ ਨੇ ਜਾਂ ਨਵੇਂ ਲਫ਼ਜ਼ ਘੜ ਕੇ ਜਾਂ ਉਧਾਰ ਲੈ ਕੇ ਆਪਣੀਆਂ ਉਚੇਰੀਆਂ ਲਫ਼ਜ਼ੀ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਸਨ । ਮੇਰਾ ਪਛੜੇਵਾਂ ਮੇਰੇ ਬੱਚਿਆਂ ਦੀ ਮਿਹਰਬਾਨੀ ਕਰਕੇ ਹੀ ਹੈ, ਇਸ ਵਿਚ ਮੇਰਾ ਕਸੂਰ ਕੋਈ ਨਹੀਂ । ਮੈਂ ਇਸ ਵੇਲੇ ਆਪਣੇ ਪੂਰੇ ਜੋਬਨ ਵਿਚ ਨਹੀਂ ਹਾਂ, ਫੇਰ ਵੀ ਮੇਰਾ ਦਾਅਵਾ ਹੈ ਕਿ ਮੈਨੂੰ ਪੰਜ–ਸੱਤ ਸਾਲ ਦੀ ਪੂਰੀ ਛੁੱਟੀ ਦੇ ਦਿਓ ਤੇ ਫੇਰ ਵੇਖੋ ਕਿ ਮੈਂ ਸਦੀਆਂ ਦਾ ਫ਼ਾਸਲਾ ਕਿਵੇਂ ਛਾਲਾਂ ਮਾਰ ਕੇ ਪੂਰਦੀ ਹਾਂ ! ਪਰ ਅਫ਼ਸੋਸ, ਮੈਨੂੰ ਇਹ ਮੁਹਲਤ ਲੈ ਕੇ ਦੇਣ ਵਾਲਾ ਕੋਈ ਸੂਰਮਾ ਦਿੱਸ ਨਹੀਂ ਰਿਹਾ!

(2) ਤੁਸੀਂ ਪਿੱਛੇ ਜਿਹੇ ਅਖ਼ਬਾਰਾਂ ਵਿਚ ਖ਼ਬਰ ਪੜ੍ਹੀ ਹੀ ਹੋਵੇਗੀ ਕਿ ਫ਼ਰਾਂਸ ਦੇ ਰਾਸ਼ਟਰਪਤੀ ਸ਼ਿਰਾਕ ਹੁਰਾਂ ਜਦੋਂ ਫ਼ਰਾਂਸ ਦੇ ਇਕ ਕਲਾਕਾਰ ਨੂੰ ਯੂਰਪ ਦੀ ਪਾਰਲੀਮੈਂਟ ਵਿਚ, ਆਪਣੀ ਭਾਸ਼ਾ ਫ਼ਰਾਂਸੀਸੀ ਦੀ ਥਾਂ, ਅੰਗਰੇਜ਼ੀ ਵਿਚ ਬੋਲਦਿਆਂ ਸੁਣਿਆ ਤਾਂ ਉਹ ਰੋਸ ਵਜੋਂ ਪਾਰਲੀਮੈਂਟ ਵਿੱਚੋਂ ਉੱਠ ਕੇ ਬਾਹਰ ਚਲੇ ਗਏ — ਹੋਵੇ ਫ਼ਰਾਂਸੀਸੀ ਬੰਦਾ ਤੇ ਕਿਸੇ ਬੈਠਕ ਵਿਚ, ਭਾਂਵੇਂ ਉਹ ਅੰਤਰ–ਰਾਸ਼ਟਰੀ ਹੀ ਕਿਉਂ ਨਾ ਹੋਵੇ, ਆਪਣੀ ਭਾਸ਼ਾ ਨੂੰ ਛੱਡ ਕੇ ਕਿਸੇ ਹੋਰ ਭਾਸ਼ਾ ਵਿਚ ਕਿਉਂ ਬੋਲੇ ? ਖਿਮਾ ਕਰਨਾ, ਏਸ ਤਰ੍ਹਾਂ ਮੇਰੀ ਅਣਖ ਨੂੰ ਪੰਜਾਬ ਦੀ ਅਣਖ ਮੰਨਣ ਵਾਲਾ ਜੋਧਾ ਪੁੱਤਰ ਮੈਨੂੰ ਕਿਤੇ ਨਹੀਂ ਦਿੱਸ ਰਿਹਾ ।

(3) ਅੱਗੇ ਸਿੱਖਾਂ ਨੇ ਆਪਣੇ ਆਪ ਨੂੰ ਮੇਰੇ ਨਾਲ ਸੀਤਾ ਹੋਇਆ ਸੀ, ਹੁਣ ਕੀ ਪੰਜਾਬ ਵਿਚ ਤੇ ਕੀ ਪੰਜਾਬੋਂ ਬਾਹਰ, ਸਿੱਖਾਂ ਉੱਤੇ ਵੀ, ਮੇਰੇ ਨਾਲ ਆਪਣੇ ਪੁਸ਼ਤੈਨੀ ਸਾਕ ਨੂੰ ਤੋੜ ਦੇਣ ਦਾ ਮਿਹਣਾ ਅਸਰ ਨਹੀਂ ਕਰਦਾ । ਤੁਹਾਨੂੰ ਨਹੀਂ ਲੱਗਦਾ ਹੋਣਾ ਪਰ ਮੇਰੀ ਹਾਲਤ ਤਾਂ ਨਿਖਸਮੀਆਂ ਛੁੱਟੜਾਂ ਤੋਂ ਵੀ ਬਦਤਰ ਹੋ ਚੁੱਕੀ ਹੈ ।

(4) 21ਵੀਂ ਸਦੀ ਵਿਚ ਮੇਰੇ ਉੱਤੇ ਸਭ ਤੋਂ ਮਾਰੂ ਵਾਰ ਮਾਪਿਆਂ ਨੇ ਕੀਤਾ ਹੈ ਜੋ, ਮੇਰੇ ਸਾਹਮਣੇ ਆਪਣਿਆਂ ਬੱਚਿਆਂ ਨੂੰ ਮੇਰੇ ਤੋਂ ਮੂੰਹ ਮੋੜ ਲੈਣ ਲਈ ਵਿੱਤੋਂ ਬਾਹਰਾ ਜਤਨ ਕਰ ਰਹੇ ਨੇ ।

''ਇਹ ਹੈ ਮੇਰੀ ਅੱਜ ਦੀ ਹਾਲਤ, ਜਿਸ ਤਕ, ਮੈਨੂੰ, ਖਿਮਾ ਕਰਨਾ, ਤੁਹਾਡੇ ਬਜ਼ੁਰਗਾਂ ਦੀ ਅਣਗਹਿਲੀ ਨੇ ਪਹੁੰਚਾਇਆ ਹੈ । ਮੇਰੀਆਂ ਬੁੱਢੀਆਂ ਅੱਖਾਂ ਦੇ ਤਾਰਿਓ ! ਤੁਸੀਂ ਮੇਰਾ ਸਿਮਰਨ ਕਰਨ ਲਈ ਏਥੇ ਆਉਣ ਦੀ ਖੇਚਲ ਕੀਤੀ ਹੈ, ਤੁਹਾਡਾ ਬਹੁਤ ਸਾਰਾ ਸ਼ੁਕਰੀਆ । ਤੁਸੀਂ ਜੁਗ ਜੁਗ ਜੀਓ । ਮੈਨੂੰ ਪਤਾ ਹੈ ਏਥੇ ਮੇਰੇ ਉਹ ਪੁੱਤਰ ਵੀ ਬੈਠੇ ਹੋਏ ਨੇ, ਜੋ ਮੇਰੇ ਭਲੇ ਲਈ ਕੁੱਝ ਵੀ ਕਰਨ ਨੂੰ ਤਿਆਰ ਹੋਣਗੇ, ਪਰ ਅੰਗਰੇਜ਼ੀ ਦਾ ਇਕ ਮੁਹਾਵਰਾ ਹੈ ਕਿ 'ਨਰਕਾਂ ਨੂੰ ਜਾਂਦਾ ਰਾਹ ਸ਼ੁਭ ਇੱਛਾਵਾਂ ਨਾਲ ਅੱਟਿਆ ਪਿਆ ਹੈ !' ਮੇਰੇ ਲਈ ਤੁਹਾਡੀਆਂ ਸ਼ੁਭ ਇੱਛਾਵਾਂ ਦਾ ਬਹੁਤ ਸਾਰਾ ਸ਼ੁਕਰੀਆ ਪਰ ਈਦ ਪਿੱਛੋਂ ਟਰੂ ਕਿਸ ਕੰਮ ?

''ਮੈਂ 'ਦ ਇਕੋਨੋਮਿਸਟ' ਅਨੁਸਾਰ ਘੱਟ ਬੁਲਾਰਿਆਂ ਕਾਰਨ ਮਰਨ ਵਾਲੀ ਭਾਸ਼ਾ ਨਹੀਂ ਹਾਂ, ਫੇਰ ਵੀ ਅੱਜ ਜਿਨ੍ਹਾਂ ਹਾਲਾਤ ਨੂੰ ਆਪਣੇ ਤਨ ਉੱਤੇ ਹੰਢਾ ਰਹੀ ਹਾਂ, ਜੇ ਉਹ ਜਾਰੀ ਰਹਿਣ ਤਾਂ, ਮੇਰੇ ਸੁਲੱਖਣੇ ਪੁੱਤਰੋ ! ਮੈਨੂੰ ਬੜੇ ਅਫ਼ਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਤੁਹਾਡੀ ਪੜਪੋਤ ਔਲਾਦ ਨੂੰ ਮੇਰੀਆਂ ਬਰਸੀਆਂ ਮਨਾਉਣ ਲਈ ਤਿਆਰ ਰਹਿਣਾ ਹੀ ਪਵੇਗਾ ।

''ਮੈਂ ਤੁਹਾਨੂੰ ਦੱਸ ਆਈ ਹਾਂ ਕਿ ਮੈਂ ਆਪਣੇ ਆਪ ਨੂੰ ਜੀਉਂਦਾ ਰੱਖ ਸਕੀ ਹਾਂ ਕਿਉਂਕਿ ਕਿਰਸਾਣਾਂ, ਮਜ਼ੂਰਾਂ ਤੇ ਹਟਵਾਣੀਆਂ ਨੇ ਮੇਰਾ ਸਾਥ ਨਹੀਂ ਸੀ ਛੱਡਿਆ । ਜੋ ਵੀ ਰਚਨਾ, ਚੰਗੀ-ਮਾੜੀ, ਮੇਰੇ ਪੁੱਤਰਾਂ ਨੇ ਛੱਡੀ ਹੈ, ਓਹ ਓਸ ਨਿੱਘੇ ਸਾਕ ਦੀ ਉਪਜ ਹੈ, ਜੋ ਮੈਂ ਗ਼ਰੀਬ-ਗੁਰਬੇ ਨਾਲ ਬਣਾਇਆ ਹੋਇਆ ਸੀ । ਹੁਣ ਤੁਹਾਡਾ ਜ਼ਮਾਨਾ ਆਇਆ ਹੈ ਤਾਂ ਗਰੀਬ-ਗੁਰਬਾ ਨੂੰ ਵੀ ਅੰਗਰੇਜ਼ੀ ਨੇ ਮੇਰੇ ਪਾਸੋਂ ਖੋਹ ਲਿਆ ਹੈ । ਉੱਤੋਂ ਆ ਪਿਆ ਹੈ ਵਿਸ਼ਵੀਕਰਨ ਦਾ ਦੈਂਤ । ਰਹਿੰਦੀ ਖੂੰਹਦੀ ਕਸਰ ਇਸ ਨੇ ਪੂਰੀ ਕਰ ਦਿੱਤੀ ਹੈ । ਗਰੀਬ ਕਿਰਤੀਆਂ-ਕਿਸਾਨਾਂ ਦੀ ਛੱਡੀ ਹੋਈ, ਸਰਕਾਰਾਂ-ਦਰਬਾਰਾਂ ਤੋਂ ਛੇਕੀ ਹੋਈ, ਮੇਰੇ ਵਰਗੀ ਅਸਲੋਂ ਲਾਵਾਰਸ ਬੋਲੀ ਨਾਲ ਵਿਸ਼ਵੀਕਰਨ ਦਾ ਪੜਦੈਂਤ ਕੀ ਸਲੂਕ ਕਰੇਗਾ ? ਸੱਚ ਬੋਲਾਂ ਤਾਂ ਮੇਰਾ ਜੀ ਖੁੱਸਦਾ ਹੈ ! ਕਿਸੇ ਨੂੰ ਫ਼ਿਕਰ ਨਹੀਂ ਕਿ ਮੈਂ ਹਾਂ ਤਾਂ ਤੁਹਾਡੀ ਵੱਖਰੀ ਪਛਾਣ ਹੈ, ਵਰਨਾਂ ਤੁਸੀਂ ਕੁੱਝ ਪਏ ਹੋਵੋ ਬੇਪਛਾਣ ਭੀੜ ਵਿਚ ਤੁਰਦੇ ਖ਼ਾਲੀ ਖੋਖੇ ਹੋ । ਇਹ ਮਹਿਕਮੇ, ਇਹ ਯੂਨੀਵਰਸਿਟੀਆਂ, ਇਹ ਛਾਪੇਖ਼ਾਨੇ, ਇਹ ਮਹਾਨਕੋਸ਼, ਇਹ ਹਵਾਲਾ ਗ੍ਰੰਥ, ਇਹ ਇਨਾਮੀ ਰਚਨਾਵਾਂ, ਸਭ ਧਰੀਆਂ-ਧਰਾਈਆਂ ਰਹਿ ਜਾਣਗੀਆਂ ਕਿਉਂਕਿ ਮੈਂ ਹੋਣਾ ਨਹੀਂ ।''

× × × × ×

ਭੈਣੋ ਤੇ ਭਰਾਵੋ ! ਮਾਂ ਦੀ ਹੰਝੂਆਂ ਭਰੀ ਗਿਲੇ-ਗੁਜ਼ਾਰੀ ਤੁਸੀਂ ਸੁਣ ਲਈ ਹੈ । ਉਸ ਨੂੰ ਸਾਡੀ ਤੇ ਸਾਡੇ ਬਜ਼ੁਰਗਾਂ ਦੀ ਬੇਰੁਖ਼ੀ ਤੇ 21ਵੀਂ ਸਦੀ ਦੇ ਹੋਰ ਵੀ ਦੁਪਰਿਆਰੇ ਹਾਲਾਤ ਕਰਕੇ ਆਪਣੇ ਭਵਿੱਖ ਉੱਤੇ ਮਰਨ-ਮਿੱਟੀ ਦਾ ਲੇਪ ਹੋਇਆ ਦਿੱਸਣ ਲੱਗ ਪਿਆ ਹੈ । ਪਰ ਮੈਂ ਅਜੇ ਉਸ ਦੇ ਬੋ-ਕਾਟਾ ਹੋ ਜਾਣ ਦੇ ਇਹਸਾਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ ਹਾਂ ਕਿਉਂਕਿ ਅਸੀਂ, ਹੁਣ ਤਕ ਉਸ ਵੱਲੋਂ ਬੇਮੁਖ ਰਹੇ ਬੱਚੇ, ਪੰਚ-ਤੰਤਰੀ ਕਬੂਤਰਾਂ ਵਾਂਗ, ਰਲ ਕੇ ਹੰਭਲਾ ਮਾਰੀਏ ਤਾਂ ਹੋ ਸਕਦਾ ਹੈ ਆਪਣੀ ਏਸ ਬੁੱਢੀ ਮਾਂ ਦੀ ਪਤੰਗ ਦੇ ਬੋ-ਕਾਟੇ ਨੂੰ ਕੁੱਝ ਚਿਰ ਲਈ ਜ਼ਰੂਰ ਟਾਲ ਸਕਾਂਗੇ ਤੇ ਕੋਈ ਵੱਡੀ ਗੱਲ ਨਹੀਂ, ਮਰਨ ਤੋਂ ਬਚਾਅ ਹੀ ਲਈਏ । ਮੇਰਾ ਮੂੰਹ ਛੋਟਾ ਹੈ, ਪਰ ਮੈਂ, ਆਪਣੇ ਹਮਭਾਸ਼ੀ ਭੈਣਾਂ-ਭਰਾਵਾਂ ਉੱਤੇ ਭਰੋਸਾ ਕਰ ਕੇ ਬਾਤ ਵੱਡੀ ਕਰ ਬੈਠਾ ਹਾਂ । ''ਰਲ ਕੇ ਹੰਭਲਾ ਮਾਰਨ'' ਵਾਲੀ ਗੱਲ ਕਹਿਣੀ ਸੌਖੀ ਹੈ, ਪਰ ਸਿਰੇ ਚਾੜ੍ਹਨੀ ਬੇਹੱਦ ਔਖੀ ਹੈ । ਅਸੰਭਵ ਮੈਂ ਇਸ ਕਰ ਕੇ ਨਹੀਂ ਕਹਿੰਦਾ ਕਿਉਂਕਿ ਇਸਰਾਈਲੀ ਇਕਮੁੱਠਤਾ ਨੇ ਸਾਡੀਆਂ ਅੱਖਾਂ ਦੇ ਸਾਹਮਣੇ, ਤਕਰੀਬਨ ਮੋਈ ਹੋਈ ਇਬਰਾਨੀ ਜ਼ਬਾਨ ਨੂੰ ਆਪਣੇ ਦੇਸ ਦੀ ਜੀਉਂਦੀ ਜਾਗਦੀ ਮਹਾਰਾਣੀ ਬਣਾ ਦਿੱਤਾ ਹੈ ।

ਇੱਕੀਵੀਂ ਸਦੀ ਦੀ ਮਾਰ ਤੋਂ ਉਹੀ ਬੋਲੀਆਂ ਬਚ ਸਕਦੀਆਂ ਨੇ, ਜਿਨ੍ਹਾਂ ਦਾ ਹਰ ਬੁਲਾਰਾ ਉਨ੍ਹਾਂ ਨੂੰ ਕੱਸ ਕੇ ਆਪਣੀ ਛਾਤੀ ਨਾਲ ਲਾਈ ਰੱਖੇ ਤੇ, ਉਸ ਦੀ ਥਾਂ ਮੱਲਣ ਲਈ ਤਿਆਰ ਬੈਠੀ ਬਦੇਸੀ ਕਿਸੇ ਵੀ ਭਾਸ਼ਾ ਨੂੰ, ਭਾਵੇਂ ਉਹ ਕਿੰਨੀ ਫ਼ਾਇਦੇਮੰਦ ਤੇ ਦਿਲਕਸ਼ ਕਿਉਂ ਨਾ ਹੋਵੇ, ਆਪਣੇ ਬੱਚਿਆਂ ਦੀਆਂ ਮੁੱਢਲੀਆਂ ਜਮਾਤਾਂ ਦੇ ਨੇੜੇ ਨਾ ਆਉਣ ਦੇਵੇ । ਜੇ ਹਰ ਪੰਜਾਬੀ ਆਪਣੀ ਮਾਂ-ਭਾਸ਼ਾ ਨਾਲ ਆਪਣੀ ਅਣਖ ਜੋੜ ਲਏ ਤਾਂ ਯਕੀਨ ਜਾਣੋ, ਪੰਜਾਬੀ ਨੂੰ ਕੋਈ ਨਹੀਂ ਮਾਰ ਸਕੇਗਾ । ਕੀ ਸਾਰੇ ਪੰਜਾਬੀਆਂ ਦਾ ਰੁਖ਼ ਇਸ ਪਾਸੇ ਵੱਲ ਮੋੜਿਆ ਜਾ ਸਕਦਾ ਹੈ ? ਜੇ ਜਵਾਬ ਹੈ 'ਹਾਂ' ਤਾਂ ਤਾਂ ਜਸ਼ਨ ਮਨਾਓ, ਪੰਜਾਬੀ ਜੀਏਗੀ ; ਜੇ ਜਵਾਬ ਹੋਵੇ 'ਮੁਸ਼ਕਲ ਹੈ', ਤਾਂ ਪੰਜਾਬੀ ਨੂੰ ਵੀ 21ਵੀਂ ਸਦੀ ਦਾ ਸ਼ਿਕਾਰ ਬਣਨ ਤੋਂ ਰੋਕਣਾ 'ਬੜਾ ਮੁਸ਼ਕਲ' ਹੋਵੇਗਾ । ਇਹ ਮੇਰੀ ਸੋਗਮਈ ਭਵਿੱਸ਼ਬਾਣੀ ਹੈ !

× × × × ×

ਅੰਤ ਵਿਚ ਮੈਂ ਨਹੀਂ ਚਾਹੁੰਦਾ ਕਿ ਇਸ ਕਾਨਫ਼ਰੰਸ ਦੇ ਆਰੰਭਿਕ ਸ਼ਬਦਾਂ ਦੀ ਤਾਨ ਸੋਗੀ ਸੁਰਾਂ ਨਾਲ ਕਰਾਂ । ਮੈਨੂੰ ਯਕੀਨ ਹੈ, ਅੱਜ ਦੀ ਸਾਰੀ ਸੰਗਤ ਪੰਜਾਬੀ ਦੀ ਲੰਮੀ ਉਮਰ ਲਈ ਦੁਆ-ਗੋ ਹੈ ਪਰ ਜ਼ਾਲਮ ਸਮੇਂ ਦੇ ਬੁਲਡੋਜ਼ਰ, ਬੁਲਾਰਿਆਂ ਦੀਆਂ ਦੁਆਵਾਂ ਤੋਂ ਬੇਪਰਵਾਹ ਹੋ ਕੇ ਚੰਗੀਆਂ-ਭਲੀਆਂ ਜ਼ਿੰਦਾ ਜ਼ਬਾਨਾਂ ਨੂੰ ਬੇਤਹਾਸ਼ਾ ਦਰੜੀ ਜਾਣ ਵਿਚ ਲੱਗਾ ਹੋਇਆ ਹੈ । ਪੰਜਾਬੀ ਨੂੰ ਇਸ ਦੈਤ ਤੋਂ ਕਿਵੇਂ ਬਚਾਈਏ ? ਸੌਖਾ ਜਵਾਬ ਇਹ ਹੈ ਕਿ ਪੰਜਾਬੀ

ਬੋਲਣ ਵਾਲਾ ਹਰ ਪ੍ਰਾਣੀ ਆਪਣੀ ਭਾਸ਼ਾ ਲਈ ਉਹ ਕੁੱਝ ਕਰਨ ਲਈ ਤਿਆਰ ਹੋਵੇ ਜੋ ਰਾਜਸਥਾਨ ਦੇ ਸ੍ਰੀ ਜੰਬੇਸ਼ਵਰ ਜੀ ਨੂੰ ਗੁਰੂ ਮੰਨਣ ਵਾਲੇ ਬਿਸ਼ਨੋਈਆਂ ਨੇ, ਅੱਜ ਤੋਂ ਕੋਈ ਪੌਣੇ ਤਿੰਨ ਸੌ ਵਰ੍ਹੇ ਪਹਿਲਾਂ, ਕਰ ਵਿਖਾਇਆ ਸੀ । ਇਹ ਇਤਿਹਾਸਿਕ ਘਟਨਾ ਇਸ ਤਰ੍ਹਾਂ ਘਟੀ ਸੀ :

ਸੰਨ 1730 ਈ. ਵਿਚ ਰਾਜਾ ਅਭੈ ਸਿੰਘ ਨੂੰ ਆਪਣੇ ਜੋਧਪੁਰ ਵਾਲੇ ਮਹਿਲਾਂ ਲਈ ਵਧੀਆ ਲੱਕੜ ਚਾਹੀਦੀ ਸੀ । ਉਸ ਨੇ ਪਿੰਡਾਂ ਵਿੱਚੋਂ ਰੁੱਖ ਕੱਟ ਲਿਆਉਣ ਦਾ ਹੁਕਮ ਦਿੱਤਾ । ਉਸ ਦੇ ਕਾਰਿੰਦਿਆਂ ਨੂੰ ਇਕ ਪਿੰਡ ਦੀ ਜ਼ਮੀਨ ਵਿਚ ਖੜੀ ਝਿੜੀ ਬੜੀ ਪਸੰਦ ਆਈ । ਉਹ ਰੁੱਖ ਕੱਟਣ ਲਈ ਤਿਆਰ ਹੋਏ ਤਾਂ ਪਿੰਡ ਦੀ ਪੰਚਾਇਤ ਨੇ ਇਕੱਠੇ ਹੋ ਕੇ ਬੇਨਤੀ ਕੀਤੀ, ''ਸਰਕਾਰ ! ਅਸੀਂ ਜੰਬੋ ਜੀ ਮਹਾਰਾਜ ਦੇ ਪੁਜਾਰੀ ਹਾਂ । ਸਾਨੂੰ ਰੁੱਖ ਕੱਟਣ ਦੀ ਮਨਾਹੀ ਹੈ । ਸਾਡੇ ਗੁਰੂ ਜੀ ਦਾ ਹੁਕਮ ਹੈ, ਕੋਈ ਰੁੱਖ ਨਹੀਂ ਕੱਟਣਾ ਤੇ ਕੋਈ ਜਾਨਵਰ ਨਹੀਂ ਮਾਰਨਾ । ਏਥੋਂ ਅਸੀਂ ਰੁੱਖ ਨਹੀਂ ਵੱਢਣ ਦੇਣੇ, ਇਹ ਸਾਡੇ ਬੱਚੇ ਨੇ ।''

ਰਾਜੇ ਦੇ ਕਾਰਿੰਦਿਆਂ ਦਿਆਂ ਸਿਰਾਂ ਉੱਤੇ ਸਰਕਾਰੀ ਗੁਮਾਸ਼ਤੇ ਹੋਣ ਦਾ ਭੂਤ ਸਵਾਰ ਸੀ । ਉਹ ਆਪਣੇ ਕੁਹਾੜੇ ਸੂਤ ਕੇ ਲਲਕਾਰੇ, ''ਕੋਈ ਹੈ ਮਾਈ ਦਾ ਲਾਲ ਜੋ ਮਹਾਰਾਜ ਦੀ ਹੁਕਮ-ਅਦੂਲੀ ਕਰੇ ? ਮਹਾਰਾਜਾ ਸਾਹਿਬ ਦਾ ਹੁਕਮ ਅਟਲ ਹੈ ।''

ਜਦੋਂ ਪਿੰਡ ਵਾਲਿਆਂ ਦੀਆਂ ਬੇਨਤੀਆਂ ਦਾ ਕਾਰਿੰਦਿਆਂ ਉੱਤੇ ਕੋਈ ਅਸਰ ਨਾ ਹੋਇਆ ਤਾਂ ਉਨ੍ਹਾਂ ਨੇ ਆਪਣੇ ਰੁੱਖਾਂ ਨੂੰ ਕੱਸ ਕੇ ਜੱਫੀਆਂ ਪਾ ਲਈਆਂ । ਕਾਰਿੰਦੇ ਲਾ ਜ਼ੋਰ ਥੱਕੇ, ਪਰ ਪੇਂਡੂਆਂ ਨੇ ਆਪਣੀਆਂ ਜੱਫੀਆਂ ਢਿੱਲੀਆਂ ਨਾ ਕੀਤੀਆਂ । ਗੁੱਸੇ ਨਾਲ ਅੰਨ੍ਹੇ ਹੋਏ ਰਾਜੇ ਦੇ ਕਸਾਈ ਕਾਰਿੰਦਿਆਂ ਨੇ ਰੁੱਖਾਂ ਨੂੰ ਚੰਬੜੇ ਹੋਏ ਪੇਂਡੂਆਂ ਉੱਤੇ ਵੀ ਕੁਹਾੜੇ ਚਲਾਉਣੇ ਸ਼ੁਰੂ ਕਰ ਦਿੱਤੇ । ਇਹ ਕਤਲਿ-ਆਮ ਓਦੋਂ ਬੰਦ ਹੋਇਆ, ਜਦੋਂ 371 ਪੇਂਡੂ ਰੁੱਖਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਵਾਰ ਚੁੱਕੇ ਸਨ !

ਆਪਣੇ ਧਾਰਮਿਕ ਵਿਸ਼ਵਾਸਾਂ ਦੀ ਰੱਖਿਆ ਦੀ ਖ਼ਾਤਰ ਆਪਣੀਆਂ ਜਾਨਾਂ ਵਾਰ ਦੇਣ ਦੀ ਕਹਾਣੀ ਸਾਡੇ ਲਈ ਨਵੀਂ ਨਹੀਂ, ਪਰ ਸਿਆਸਤ ਤੋਂ ਮੁਕਤ ਹੋ ਕੇ ਆਪਣੀ ਭਾਸ਼ਾ ਦੀ ਸੁਰੱਖਿਆ ਲਈ ਸੰਘਰਸ਼ ਕਰਨ ਦਾ ਵੱਲ ਅਸੀਂ ਅਜੇ ਸਿੱਖਣਾ ਹੈ । ਦੁਨੀਆ ਵਿਚ ਸ਼ਹੀਦੀਆਂ ਦੇ ਇਤਿਹਾਸਾਂ ਨੂੰ ਚਿਤਾਰਦੇ ਹੋਏ, ਨਿੱਤਰੋ ਪੰਜਾਬੀ ਦੇ ਹਿਤੈਸ਼ੀਓ ! ਬਿਸ਼ਨੋਈ ਸ਼ਹੀਦਾਂ ਵਾਂਗ ਜੇ ਹਰ ਪੰਜਾਬੀ ਨੂੰ ਪੰਜਾਬੀ ਨਾਲ ਚਿਪਕ ਜਾਣ ਲਈ ਪ੍ਰੇਰ ਸਕਦੇ ਹੋ ਤਾਂ ਨਾ ਸਾਡੀਆਂ ਚੜ੍ਹਦੇ ਤੇ ਲਹਿੰਦੇ ਦੀਆਂ ਪੰਜਾਬੀ ਦੀਆਂ ਦੋਖੀ ਸਰਕਾਰਾਂ ਪੰਜਾਬੀ ਦਾ ਕੁੱਝ ਵਿਗਾੜ ਸਕਣਗੀਆਂ ਤੇ ਨਾ 21ਵੀਂ ਸਦੀ ਦਾ ਵਿਕਰਾਲ ਦੈਂਤ ਹੀ, ਜਿਸ ਨੇ ਭਾਸ਼ਾਵਾਂ ਦੇ ਭੋਜਨ ਨਾਲ ਆਪਣੀ ਭੁੱਖ ਤ੍ਰਿਪਤ ਕਰਨੀ ਸ਼ੁਰੂ ਕੀਤੀ ਹੋਈ ਹੈ, ਸਾਡੀ ਬੋਲੀ ਦੇ ਨੇੜੇ ਫਟਕ ਸਕੇਗਾ ।

ਅਸੀਂ ਅੰਗਰੇਜ਼ੀ ਜਾਂ ਕਿਸੇ ਵੀ ਹੋਰ ਭਾਸ਼ਾ ਦੇ ਵਿਰੋਧੀ ਨਹੀਂ ਹਾਂ । ਅਸੀਂ ਚਾਹੁੰਦੇ ਹਾਂ, ਸਾਡੇ ਬੱਚੇ ਅੰਗਰੇਜ਼ੀ ਵਿਚ ਅੰਗਰੇਜ਼ਾਂ ਤੇ ਅਮਰੀਕਨਾਂ ਨੂੰ ਮਾਤ ਪਾਉਣ, ਪਰ ਅਸੀਂ ਇਹ ਨਹੀਂ ਚਾਹੁੰਦੇ ਕਿ ਬੱਚੇ ਦੇ ਪਹਿਲੇ ਚਾਰ ਸਕੂਲੀ ਸਾਲਾਂ ਵਿਚ ਪੰਜਾਬੀ ਦੀ ਥਾਂ ਜਾਂ ਪੰਜਾਬੀ ਦੇ ਨਾਲ, ਕੋਈ ਹੋਰ ਭਾਸ਼ਾ ਬੱਚਿਆਂ ਦੇ ਦਿਮਾਗ਼ਾਂ ਦੇ ਕੁਦਰਤੀ ਵਿਕਾਸ ਵਿਚ ਵਿਘਨ ਪਾਵੇ । ਚੌਥੀ ਤੋਂ ਅਗਲੇ ਸਾਲਾਂ ਵਿਚ ਪੰਜਾਬੀ ਦੇ ਨਾਲ ਅੰਗਰੇਜ਼ੀ ਜਿੰਨੀ ਮਰਜ਼ੀ ਪੜ੍ਹਾਈ ਜਾਓ, ਪੰਜਾਬੀ ਆਪਣੀ ਰਾਖੀ ਆਪ ਕਰੀ ਜਾਏਗੀ ।

**ਜੈ ਪੰਜਾਬ, ਜੈ ਪੰਜਾਬੀ, ਜੈ ਪੰਜਾਬੀਅਤ**

## ਜ਼ਮੀਮਾ

'ਦ ਇਕੋਨੌਮਿਸਟ' ਵਿਚ ਛਪੀ ਰਪੋਟ ਵਿੱਚੋਂ ਕੁੱਝ ਜਵਾਹਰਪਾਰੇ ਵਿਦਵਾਨਾਂ ਦੀ ਸੂਚਨਾ ਲਈ ਹਾਜ਼ਰ ਹਨ :

⊗ Linguists classify languages on a scale ranging from 'safe" (learnt by all children in the group, and spoken by all its members) to...

- ⊗ Most languages disappear because their speakers voluntarily abandon them ...

Quoted from a UNESCO paper :-

- ⊗ The extinction of each language results in the irrecoverable loss of unique cultural, historical and ecological knowledge. Each language is a unique expression of the human experience of the world...

- ⊗ The late Kenneth Hale, who taught linguistics at the Massachusetts Institute of Technology (MIT), put it more passionately: "When you lose a language, you lose a culture, intellectual wealth, a work of art. It's like dropping a bomb on a museum."...

- ⊗ The demise of any language is a loss for all mankind, but most of all a loss for its speakers. As one Navajo elder, quoted by Mr Yamamoto, told his grandson :

  "If you don't breathe,
  There is no air.
  If you don't walk,
  There is no earth.
  If you don't speak,
  There is no world."

× × × × ×